KING 73 RENO LTD.
FREE ESTIMATES 22 ਸਾਲ ਦਾ ਤਜਰਬਾ
WE DO ALL KIND OF RENOVATION
ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ
*ਫਰੇਮਿੰਗ *ਡਰਾਈਵਾਲ *ਪੇਂਟਿੰਗ *ਟਾਈਲਾਂ *ਸਨਡੈੱਕ ਦੀ ਰਿਪੇਅਰ *ਲੈਮੀਨੇਟ *ਵਾਸ਼ਰੂਮ *ਕਿਚਨ
*ਐਕਸਟਰਾ ਰੂਮ ਐਡੀਸ਼ਨ *ਇਲੈਕਟ੍ਰੀਕਲ *ਪਲੰਬਿੰਗ *ਰੂਫਿੰਗ ਦਾ ਕੰਮ
www.king73reno.com
GURDEEP S. GILL
778.896.4555

ROYAL TOUCH HOMES "DREAMS TO REALTY"
-CONTRACTING -CUSTOM HOMES -LICENSED BUILDER -FRAMING
ਲੋਅਰਮੇਨਲੈਂਡ-ਫਰੇਜਰ ਵੈਲੀ ਵਿਚ ਆਪਣਾ ਸੁਪਨਿਆਂ ਦਾ ਘਰ ਬਣਾਉਣ ਲਈ ਸਾਡੇ ਨਾਲ ਸੰਪਰਕ ਕਰੋ
JASVIR S. SANGHA: 778-847-9128 BUILDER

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਐਬਟਸਫੋਰਡ
# ਗਾਰਡੀਅਨ
PUNJAB GUARDIAN
B.C Greater Vancouver, Fraser Valley, Victoria, Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Otttawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 30, Issue No. 14, Ending Date:Apr 07, 2023

WALIA FOREX LTD
ਦੁਨਿਆ ਦੇ ਕਿਸੇ ਵੀ ਕੋਨੇ ਵਿੱਚ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
Send money instantly Worldwide
We also Buy & Sell US Dollars/Euro & Pounds
778-822-8410 #2A-2599 Cedar Park Pl. Abbotsford, BC
778-861-0324 #285-8128-128 St. Surrey, BC

## ਅਸੀਂ ਸਿੱਖਾਂ ਦੀਆਂ ਚਿੰਤਾਵਾਂ ਤੋਂ ਜਾਣੂ ਹਾਂ
## ਪੰਜਾਬ ਦੀਆਂ ਘਟਨਾਵਾਂ ’ਤੇ ਰੱਖੀ ਹੋਈ ਹੈ ਨੇੜਿਉਂ ਨਜ਼ਰ:ਕੈਨੇਡਾ



ਟੋਰਾਂਟੋ :ਪੰਜਾਬ ਪੁਲੀਸ ਵੱਲੋਂ ‘ਵਾਰਿਸ ਪੰਜਾਬ ਦੇ’ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਖਿਲਾਫ਼ ਕੀਤੀ ਜਾ ਰਹੀ ਕਰਵਾਈ ਦੇ ਮੱਦੇਨਜ਼ਰ ਕੈਨੇਡਾ ਦੀ ਵਿਦੇਸ਼ ਮੰਤਰੀ ਮਿਲੇਨੀ ਜੌਲੀ ਨੇ ਕਿਹਾ ਕਿ ਪੰਜਾਬ ਵਿਚ ਵਾਪਰ ਰਹੇ ਘਟਨਾਕ੍ਰਮਾਂ ’ਤੇ ‘ਬਹੁਤ ਬਾਰੀਕੀ’ ਨਾਲ ਨਜ਼ਰ ਰੱਖੀ ਜਾ ਰਹੀ ਹੈ ਅਤੇ ਉਹ ਸਿੱਖ ਭਾਈਚਾਰੇ ਦੀਆਂ ਚਿੰਤਾਵਾਂ ਦੂਰ ਕਰਨ ਲਈ ਲਗਾਤਾਰ ਯਤਨਸ਼ੀਲ ਰਹਿਣਗੇ।ਜੌਲੀ ਸਦਨ ਵਿੱਚ ਭਾਰਤੀ ਮੂਲ ਦੇ ਕੈਨੇਡਿਆਈ ਸੰਸਦ ਮੈਂਬਰ ਇਕਵਿੰਦਰ ਸਿੰਘ ਗਹੀਰ ਵੱਲੋਂ ਪੁੱਛੇ ਸਵਾਲ ਦਾ ਜਵਾਬ ਦੇ ਰਹੇ ਸਨ।ਮਿਲੇਨੀ ਜੌਲੀ ਨੇ ਕਿਹਾ:ਅਸੀਂ ਪੰਜਾਬ ਵਿੱਚ ਉੱਭਰੇ ਘਟਨਾਕ੍ਰਮਾਂ ਬਾਰੇ ਜਾਣੂੰ ਹਾਂ ਅਤੇ ਅਸੀਂ ਇਸ ’ਤੇ ਬਹੁਤ ਬਾਰੀਕੀ ਨਾਲ ਨਜ਼ਰ ਰੱਖੀ ਹੋਈ ਹੈ।ਅਸੀਂ ਹਾਲਾਤ ਮੁੜ ਸਥਿਰ ਹੋਣ ਦੀ ਉਮੀਦ ਕਰਦੇ ਹਾਂ।ਉਨ੍ਹਾਂ ਕਿਹਾ, ‘‘ਕੈਨੇਡਿਆਈ ਹਮੇਸ਼ਾ ਵਾਂਗ ਕੈਨੇਡਾ ਸਰਕਾਰ ’ਤੇ ਭਰੋਸਾ ਕਰ ਸਕਦੇ ਹਨ ਕਿ ਅਸੀਂ ਭਾਈਚਾਰੇ ਦੇ ਬਹੁਤ ਸਾਰੇ ਮੈਂਬਰਾਂ ਦੀਆਂ ਚਿੰਤਾਵਾਂ ਦੂਰ ਕਰਨਾ ਜਾਰੀ ਰੱਖਾਂਗੇ।’’ ਅੰਮ੍ਰਿਤਪਾਲ ਸਿੰਘ ਦੇ ਸਮਰਥਨ ਵਿੱਚ ਲੰਡਨ ਵਿੱਚ ਪਾਰਲੀਮੈਂਟ ਸਕੇਅਰ ’ਤੇ ਕੈਨੇਡਾ ਤੇ ਅਮਰੀਕਾ ਵਿੱਚ ਵੱਡੇ ਪ੍ਰਦਰਸ਼ਨ ਹੋਏ ਹਨ। ਪ੍ਰਦਰਸ਼ਨਕਾਰੀਆਂ ਨੇ ਟੋਰਾਂਟੋ, ਵੈਨਕੂਵਰ, ਇੰਡੀਆਨਾਪੋਲਿਸ ਅਤੇ ਫਰੈਜ਼ਨੋ ਵਿੱਚ ਵੀ ਰੋਸ ਜ਼ਾਹਿਰ ਕੀਤਾ ਗਿਆ ਹੈ।

## SFU ਦੇ ਬਰਨਬੀ ਕੈਂਪਸ ਵਿਚ ਸਥਾਪਿਤ ਮਹਾਤਮਾ ਗਾਂਧੀ ਦੇ ਬੁੱਤ ਦਾ ਸਿਰ ਲਾਹਿਆ



ਸਰੀ (ਹਰਦਮ ਮਾਨ)-ਸੋਮਵਾਰ ਰਾਤ ਨੂੰ ਸਾਈਮਨ ਫਰੇਜ਼ਰ ਯੂਨੀਵਰਸਿਟੀ ਵੈਨਕੂਵਰ ਦੇ ਬਰਨਬੀ ਕੈਂਪਸ ਵਿੱਚ ਸਥਾਪਿਤ ਮਹਾਤਮਾ ਗਾਂਧੀ ਦੇ ਕਾਂਸੀ ਦੇ ਬੁੱਤ ਨਾਲ ਛੇੜਛਾੜ ਕਰਕੇ ਕਿਸੇ ਨੇ ਬੁੱਤ ਉੱਪਰੋਂ ਸਿਰ ਵੱਖ ਕਰ ਦਿੱਤਾ ਹੈ।ਪੁਲਿਸ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਗਵਾਹਾਂ ਅਤੇ ਨਿਗਰਾਨੀ ਵੀਡੀਓ ਦੀ ਭਾਲ ਕੀਤੀ ਜਾ ਰਹੀ ਹੈ।ਮਾਈਕ ਕਲੰਜ ਨੇ ਇੱਕ ਨਿਊਜ਼ ਰੀਲੀਜ਼ ਵਿੱਚ ਕਿਹਾ ਕਿ ਇਹ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ ਕਿ ਭੰਨ-ਤੋੜ ਕਦੋਂ ਹੋਈ ਪਰ ਇਹ ਮੰਨਿਆ ਜਾ ਰਿਹਾ ਹੈ ਕਿ ਇਸ ਵਿਚ ਕਿਸੇ ਪਾਵਰ ਟੂਲ ਦੀ ਵਰਤੋਂ ਕੀਤੀ ਗਈ ਹੈ।ਉਨ੍ਹਾਂ ਇਹ ਵੀ ਕਿਹਾ ਕਿ ਬਰਨਬੀ ਆਰਸੀਐਮਪੀ ਨੂੰ ਪਤਾ ਹੈ ਕਿ ਪਿਛਲੇ ਸਮੇਂ ਵਿੱਚ ਕੈਨੇਡਾ ਦੇ ਹੋਰਨਾਂ ਖੇਤਰਾਂ ਵਿੱਚ ਮਹਾਤਮਾ ਗਾਂਧੀ ਦੀਆਂ ਮੂਰਤੀਆਂ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ।ਪੁਲਿਸ ਇਸ ਘਟਨਾ ਦੇ ਸਾਰੇ ਪਹਿਲੂਆਂ ਨੂੰ ਦੇਖ ਰਹੀ ਹੈ।ਕੌਂਸਲੇਟ ਜਨਰਲ ਨੇ ਇਕ ਟਵੀਟ ਰਾਹੀਂ ਕਿਹਾ ਹੈ ਕਿ ਸ਼ਾਂਤੀ ਦੇ ਹਾਮੀ ਮਹਾਤਮਾ ਗਾਂਧੀ ਦੇ ਬੁੱਤ ਨੂੰ ਤੋੜਨ ਦੇ ਘਿਨਾਉਣੇ ਅਪਰਾਧ ਦੀ ਸਖ਼ਤ ਨਿੰਦਿਆ ਕੀਤੀ ਹੈ। ਉਨ੍ਹਾਂ ਕੈਨੇਡੀਅਨ ਅਧਿਕਾਰੀਆਂ ਨੂੰ ਇਸ ਮਾਮਲੇ ਦੀ ਤੁਰੰਤ ਜਾਂਚ ਕਰਨ ਅਤੇ ਦੋਸ਼ੀਆਂ ਨੂੰ ਜਲਦੀ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਦੀ ਅਪੀਲ ਕੀਤੀ ਹੈ।ਗਈ ਹੈ। ਇਸ ਤੋਂ ਪਹਿਲਾਂ ਵੀ ਸ਼ਰਾਰਤੀ ਅਨਸਰਾਂ ਨੇ ਗਾਂਧੀ ਦੇ ਬੁੱਤ ਨੂੰ ਨੁਕਸਾਨ ਪਹੁੰਚਾਇਆ ਸੀ।

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
• Purchases with 5% Down Payment
• Refinance & Renewals at Best Rates
• Self-employment - Special Programs
• Second Mortgage & Equity Loans (No Income Verification)
• Private financing - Easy Approvals
• Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

ਸੁਪਰ ਵੀਜ਼ਾ ਦੇ ਲਈ ਵਿਜ਼ਟਰ ਇਨਸ਼ੋਰੈਂਸ
ਵੀਜ਼ਾ ਨਾ ਲਗਣ ਤੇ 100% ਪੈਸੇ ਵਾਪਸ
“ਬੈਂਕ ਮੋਰਟਗੇਜ ਇੰਸ਼ੋਰੈਂਸ ਲੈਣ ਤੋਂ ਪਹਿਲਾਂ ਜਾਂ ਜੇ ਤੁਹਾਡੇ ਕੋਲ ਪਹਿਲਾਂ ਹੀ ਬੈਂਕ ਮੋਰਟਗੇਜ ਇੰਸ਼ੋਰੈਂਸ ਹੈ ਤਾਂ ਤੁਹਾਨੂੰ ਪਰਸਨਲ ਇੰਸ਼ੋਰੈਂਸ ਲਈ ਜਾਣਾ ਚਾਹੀਦਾ ਹੈ।”
• ਲਾਈਫ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਡੈਂਟਲ ਤੇ ਮੈਡੀਕਲ ਪਲੈਨ • ਆਰ ਈ ਐਸੱ ਪੀ, ਆਰ ਆਰ ਐਸੱ ਪੀ
• ਮਨੀ-ਬੈਕ ਟਰਮ ਇੰਸ਼ੋਰੈਂਸ
• ਕ੍ਰਿਟੀਕਲ ਇਲਨੈਸ ਇੰਸ਼ੋਰੈਂਸ
• ਪਰੋਵਿੰਸ ਤੋਂ ਬਾਹਰ ਕਵਰੇਜ
• ਸਪੈਸ਼ਲ ਡਿਸਅਬਿਲਿਟੀ ਇੰਸ਼ੋਰੈਂਸ ਟੈਕਸੀ ਤੇ ਟਰੱਕ ਡਰਾਈਵਰਾਂ ਵਾਸਤੇ
ਅਸੀ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ
Insurance ਸਾਡੇ ਕੋਲ 10, 15, 20 ਸਾਲਾਂ ਦੇ ਗਰੰਟਿਡ ਪਲੈਨ ਹਨ।
ਜਸਵੀਰ ਗਰੇਵਾਲ
778 317 6262
JasvirGrewal0596@Gmail.com
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ ‘ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

BASANT SWEETS & RESTAURANT
ਮੰਦਰ, ਗੁਰਦੁਆਰਾ ਸਾਹਿਬ ਅਤੇ ਧਾਰਮਿਕ ਸਮਾਗਮ,ਫੰਕਸ਼ਨਾਂ ਲਈ ਵਿਸ਼ੇਸ਼ ਡਿਸਕਾਊਂਟ
ਚਨਾ ਭਟੂਰਾ ਅੰਮ੍ਰਿਤਸਰੀ ਕੁਲਚਾ $4.99
ਸਪੈਸ਼ਲ ਗੁਲਾਬ ਜਾਮੁਨ $4.99/Lbs
TAKE OUT-DINE IN & CATERING
ਫੋਨ:604-595-3535
#402-8148 128 St. Surrey (Payal Business Cenre)

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
ਸੰਤੋਖ ਸਿੰਘ ਸਿੱਧੂ
604-852-2204

SUPER VISA INSURANCE
• BEST RATES GUARANTEED
• FULL REFUND IF VISA DENIED
• PARTIAL REFUND IF PARENTS LEAVE EARLY
• MORTGAGE INSURANCE
CALL SUPER VISA SPECIALIST
SANDEEP AHUJA CHS
604-996-6862
Surrey & Abbotsford

We Moved To New Location
27441-FRASER HWY. ALDERGROVE, BC
Universal Auto Collision Ltd.
• ICBC Claims ਆਈ. ਸੀ. ਬੀ. ਕਲੇਮਜ਼
• Private Claims ਪ੍ਰਾਈਵੇਟ ਕਲੇਮਜ਼
• Free Courtesy Cars ਫਰੀ ਕਰਟਸੀ ਕਾਰ
• Auto Glass Replacement ਆਟੋ ਗਲਾਸ ਰਿਪਲੇਸਮੈਂਟ
• Free Estimates ਫਰੀ ਐਸਟੀਮੇਟ
Ph. 604-596-2800
Fax: 604-596-3800
Satisfaction Guarantee

A-CLASS FOREIGN EXCHANGE
24
FAST, SECURE & CONFIDENTIAL
PUNJAB TRAVELS
604-825-2222

ਗੁਰੂ ਨਾਨਕ ਜਿਊਲਰਜ਼ ਲਿ:
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent SIDHU TRAVEL LTD.
ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਵਾਜਿਬ ਰੇਟ ’ਤੇ ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ:
Rani Sidhu (Manager)
Ph: 604-504-3400
BESTWAY Foreign Exchange Ltd.
www.bestwayforeignexchange.com
Sony Sidhu (Zira)
Ph: 778-246-2500 604-592-2676
Unit 109, 12830-80 Ave York Centre Surrey

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
ਤਨਖਾਹ $15-$30 ਪ੍ਰਤੀ ਘੰਟਾ
6 ਦਿਨ ਕੰਮ, 10 ਘੰਟੇ ਰੋਜਾਨਾ
Ph:604-209-2722

ਮੌਰਟਗੇਜ ਦੇ ਮਾਹਿਰ
MORTGAGE ALLIANCE
Avineet Kalsey
Mortgage Consultant
604.763.3000
• ਘਰਾਂ ਦੀ ਮੌਰਟਗੇਜ • ਸੈਕਿੰਡ ਮੌਰਟਗੇਜ
• ਕੌਂਸਟ੍ਰਕਸ਼ਨ • ਕਮਰਸ਼ੀਅਲ
akalsey@mortgagealliance.com
MortgageAlliance.com/AvineetKalsey
CROSSTOWN
#1A - 2497 Clearbrook Rd, Abbotsford, BC V2T 2Y3
#205 - 12033 92A Ave. Surrey, BC V3V 4B8
Corp Office : 310-130 Brew St. Port Moody, BC V3H 0E3

BEST DEAL TRAVEL INC
LICENSE # BCCP 79578
SPECIAL FARE TO INDIA
BEST DEAL TRAVEL INC.
#120 13740 72A Ave Surrey BC
YOU CAN CONTACT US AT WHATSAPP ALSO PARDEEP SANDHU
778-895-5422

HARVY JAWANDA
PERSONAL REAL ESTATE CORPORATION
604.655.7776
RE/MAX
YOUR SURREY REALTOR
YOURSURREYREALTOR.COM


FARM AND SPICE
Open 7 Days a Week
8.30 am to 9.00 pm
SPECIAL OFFERS: 31 MAR - 06 APR
Daily Specials on
ਗਾਲਾ ਬੀ ਸੀ ਸੇਬ
Gala BC Apple
99¢ /lb
ਕਾਸਮਿਕ ਕ੍ਰਿਸਪ ਸੇਬ
Cosmic Crisp Apple
$1.49 /lb
ਸੰਤਰਾ ਵੱਡਾ
Orange Large
$1.49 /lb
ਐਂਬ੍ਰੋਸੀਆ ਸੇਬ
Ambrosia Apple
$1.49 /lb
ਮੈਂਡਰੀਨਜ਼
Mandarins
99¢ /lb
ਵੈਜੀ ਮੈਰੋ
Veggie Marrow
$1.29 /lb
ਜ਼ੁਕੀਨੀ
Zuchinni
$1.29 /lb
ਸ਼ਕਰਕੰਦੀ
Sweet Potato
$1.49 /lb
ਟਮਾਟਰ
Tomatoes
Roma
$1.49 /lb
ਹਰੇ/ਲਾਲ ਅੰਗੂਰ
Green/Red Grapes
$2.99 /lb
$1.49 each
ਜੰਬੋ ਬੈਂਗਣ
Eggplant
Jumbo
ਬੀਨਜ਼
Beans
$1.99 /lb
ਲੈਟਿਸ ਰੋਮੇਨ
Lettuce Romaine
$1.99 each
ਡ੍ਰੈਗਨ ਫਰੂਟ
Dragon Fruit
$2.99 each
ਟਾਟਾ ਨਮਕ
Tata Salt
$1.99 each
ਕੋਲਸਨ ਸੇਵੀਆਂ
Kolson
u shaped sewian
150g
99¢ each
ਨੈਸ਼ਨਲ ਸੇਵੀਆਂ
National
u shaped sewian
150g
99¢ each
ਲੈਟਿਸ ਹੈੱਡ
Lettuce Head
$1.99 each
ਰੂਹਅਫਜ਼ਾ
Hamdard
Roohafza Pakistani
800ml
$3.99 each
ਲਸਣ
Garlic
1kg
$2.99 each
ਸੱਚ ਮਸਾਲੇ
Such Spices
Kutchhi Dabeli/
Vaghareli Khichdi
200g
$4.99 each
ਅਸ਼ੋਕਾ ਸਾਗ
Ashoka
Sarson Ka
Saag
850g
$2.99 each
ਸ਼ੇਰ ਵੇਸਣ
Sher Besan
4lb
$3.99 each
ਪਾਰਲੀਮੈਂਟ ਚਾਵਲ
Parliament
Rozana Basmati Rice
8 lb
$7.99 each
ਹੀਰ ਦਾਲਾਂ
Heer Lentils
Moong Beans Whole/ Moong Washed
Urad Dal/Moth Beans
4lb
$5.99 each
ਢਿੱਲੋਂ ਬਿਸਕੁਟ
Dhillon
Punjabi Biscuit
1.5lb
$5.99 each
ਹੀਰ ਖੰਡ
Heer Sugar
Brown/White
8 lb
$7.99 each
ਟਾਟਾ ਚਾਹ
Tata Tea
Premium
220 bags
$8.99 each
ਏ-ਪਲਸ ਬਾਸਮਤੀ
Aplus
Silver Basmati
5kg
$11.99 each
ਰੈਡ ਲੇਬਲ ਚਾਹ
Red Label
Round Tea Bags
216Bags
$11.99 each
A+Plus
A+Plus asstd. pulses 1kg
50% OFF
Mangoes available at both locations
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

ਦੇਗ ਤੇਗ ਫਤਹਿ। ਪੰਥ ਕੀ ਜੀਤ ॥

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5



## ਸਤਿਗੁਰ ਨਾਨਕ ਪਰਗਟਿਆ ਮਿਟੀ ਧੁੰਧ ਜਗੁ ਚਾਨਣੁ ਹੋਆ

ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਅਤੇ
ਖਾਲਸਾ ਸਾਜਨਾ ਦਿਵਸ ਦੀ ਸਮੂਹ ਜਗਤ ਨੂੰ ਗੁਰਦੁਆਰਾ ਸਿੰਘ ਸਭਾ ਸਰੀ ਦੀਆਂ ਸੰਗਤਾਂ ਵੱਲੋਂ

## ਵੱਲੋਂ ਲੱਖ ਲੱਖ ਵਧਾਈ

ਇਹ ਸਾਰਾ ਹਫਤਾ ਗੁਰੂ ਨਾਨਕ ਪਾਤਸ਼ਾਹ ਜੀ ਦਾ ਪ੍ਰਕਾਸ਼ ਦਿਹਾੜਾ ਜੋ ਕਿ ਪਹਿਲੀ ਵੈਸਾਖ ਨੂੰ ਹੈ
ਅਤੇ ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਹੋਵੇਗਾ।

12 ਅਪ੍ਰੈਲ ਦਿਨ ਬੁੱਧਵਾਰ ਸਵੇਰੇ 9.30 ਵਜੇ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ
14 ਅਪ੍ਰੈਲ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਭੋਗ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ।

**9 ਅਪ੍ਰੈਲ ਦਿਨ ਐਤਵਾਰ ਸਵੇਰੇ ਅੰਮ੍ਰਿਤ ਸੰਚਾਰ ਹੋਵੇਗਾ**
**ਬਾਅਦ ਦੁਪਹਿਰ 12 ਵਜੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਹੋਵੇਗੀ**

10 ਅਪ੍ਰੈਲ ਦਿਨ ਸੋਮਵਾਰ ਸ਼ਾਮ 5.30 ਤੋਂ 8.30 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਕਨੇਡਾ ਦੇ ਜੰਮਪਲ ਬੱਚੇ ਭਾਗ ਲੈਣਗੇ।

11 ਅਪ੍ਰੈਲ ਦਿਨ ਮੰਗਲਵਾਰ ਸ਼ਾਮ 5.30 ਤੋਂ 8.30 ਵਜੇ ਤੱਕ ਢਾਡੀ ਦਰਬਾਰ ਹੋਵੇਗਾ ਜਿਸ ਵਿਚ ਹੇਠ ਲਿਖੇ ਜਥੇ ਭਾਗ ਲੈਣਗੇ
1. ਢਾਡੀ ਜਥਾ ਭਾਈ ਵਰਿੰਦਰ ਸਿੰਘ ਵਾਰਸ ਸੁਲਤਾਨਪੁਰ ਲੋਧੀ ਵਾਲੇ
2. ਢਾਡੀ ਜਥਾ ਭਾਈ ਇੰਦਰਜੀਤ ਸਿੰਘ ਬਜੂਹਾ 3. ਢਾਡੀ ਜਥਾ ਭਾਈ ਬਖਸ਼ੀਸ਼ ਸਿੰਘ ਰਾਣੀਵਲਹਾ ਵਾਲੇ

12 ਅਪ੍ਰੈਲ ਦਿਨ ਬੁੱਧਵਾਰ ਸ਼ਾਮ 5.30 ਤੋਂ 8.30 ਵਜੇ ਤੱਕ ਕਥਾ ਦਰਬਾਰ ਹੋਵੇਗਾ ਜਿਸ ਵਿਚ ਹੇਠ ਲਿਖੇ ਕਥਾਵਾਚਕ ਭਾਗ ਲੈਣਗੇ
1. ਗਿਆਨੀ ਨਿਸ਼ਾਨ ਸਿੰਘ ਜੀ ਨਾਨਕ ਮਤੇ ਵਾਲੇ 2. ਗਿਆਨੀ ਨਛੱਤਰ ਸਿੰਘ ਜੀ ਭਾਂਬੜੀ 3. ਗਿਆਨੀ ਗੁਰਸ਼ਰਨ ਸਿੰਘ ਜੀ ਚੀਮਾ

13 ਅਪ੍ਰੈਲ ਦਿਨ ਵੀਰਵਾਰ ਸ਼ਾਮ 5.30 ਤੋਂ 8.30 ਵਜੇ ਤੱਕ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਹੇਠ ਲਿਖੀ ਜਥਾ ਭਾਗ ਲੈਣਗੇ
1. ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲੇ 2. ਭਾਈ ਅਸ਼ੋਕ ਸਿੰਘ ਦਿੱਲੀ ਵਾਲੇ
3. ਭਾਈ ਜਸਵਿੰਦਰ ਸਿੰਘ ਅੰਮ੍ਰਿਤਸਰ ਵਾਲੇ 4. ਭਾਈ ਹਰਭਜਨ ਸਿੰਘ ਜਲੰਧਰ ਵਾਲੇ

**ਇਹਨਾਂ ਦਿਨਾਂ ਵਿਚ ਕਿਸੇ ਵੀ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ**
ਫੋਨ:604-590-3232, 778-995-0563, 604-992-7423, 778-908-3221

# ਤਿਲਕ ਲਾਉਣ ਵਾਲੇ ਅਤੇ ਕੇਸ-ਰਹਿਤ (ਮੋਨੇ) ਵੀ ਸਿੱਖ ਹੋ ਸਕਦੇ ਹਨ:ਨਾਮਧਾਰੀ ਆਗੂ ਠਾਕੁਰ ਦਲੀਪ ਸਿੰਘ

ਸਰੀ: (ਹਰਦਮ ਮਾਨ)ਨਾਮਧਾਰੀ ਮੁਖੀ ਠਾਕੁਰ ਦਲੀਪ ਸਿੰਘ ਨੇ ਕਿਹਾ ਕਿ ਸਿੱਖ ਪੰਥ ਨੂੰ ਘਟਾਉਣ ਵਾਸਤੇ ਕੂੜ ਪ੍ਰਚਾਰ ਕੀਤਾ ਗਿਆ ਹੈ ਕਿ ਤਿਲਕ ਲਾਉਣ ਵਾਲੇ, ਕੇਸ ਰਹਿਤ (ਮੋਨੇ) ਸਿੱਖ ਨਹੀਂ ਹੋ ਸਕਦੇ। ਸੱਚਾਈ ਤਾਂ ਇਹ ਹੈ ਕਿ ਤਿਲਕ ਲਾਉਣ ਵਾਲੇ, ਕੇਸ ਰਹਿਤ ਵੀ ਸਿੱਖ ਹੋ ਸਕਦੇ ਹਨ; ਜੇ ਉਹ ਸਿੱਖ ਗੁਰੂ ਸਾਹਿਬਾਨ ਉੱਪਰ ਸ਼ਰਧਾ ਰੱਖਣ। ਪਰੰਤੂ, ਮੋਨੇ ਕੇਸ ਰਹਿਤ ਲੋਕ ਅੰਮ੍ਰਿਤਧਾਰੀ ਖਾਲਸੇ ਨਹੀਂ ਹੋ ਸਕਦੇ; ਕਿਉਂਕਿ ਉਹਨਾਂ ਨੇ ਅੰਮ੍ਰਿਤ ਪਾਨ ਕਰਕੇ ਖਾਲਸਾਈ ਮਰਿਆਦਾ ਧਾਰਨ ਨਹੀਂ ਕੀਤੀ।



ਇਕ ਸੰਦੇਸ਼ ਰਾਹੀਂ ਉਨ੍ਹਾਂ ਕਿਹਾ ਹੈ ਕਿ "ਅੰਮ੍ਰਿਤਧਾਰੀ ਖ਼ਾਲਸਾ ਪੰਥ" ਤਾਂ ਸਮੁੱਚੇ ਸਿੱਖ ਪੰਥ ਦਾ ਇੱਕ "ਸ੍ਰੇਸ਼ਟ-ਅੰਗ" ਹੈ।ਪਰੰਤੂ, ਪੂਰਾ ਸਿੱਖ ਪੰਥ: ਸਿਰਫ਼ "ਅੰਮ੍ਰਿਤਧਾਰੀ ਖ਼ਾਲਸਾ" ਹੀ ਨਹੀਂ; ਸਿੱਖ ਪੰਥ ਤਾਂ ਸਾਰੀਆਂ "ਗੁਰੂ ਨਾਨਕ-ਪੰਥੀ" ਸੰਪਰਦਾਵਾਂ ਨੂੰ ਮਿਲਾ ਕੇ ਬਣਦਾ ਹੈ। ਬਾਕੀ ਸਿੱਖ ਸੰਪਰਦਾਵਾਂ ਵਾਂਗ "ਅੰਮ੍ਰਿਤਧਾਰੀ ਖਾਲਸਾ" ਵੀ ਇੱਕ ਸਿੱਖ ਸੰਪਰਦਾ ਹੀ ਹੈ।"ਗੁਰਦੁਆਰਾ ਐਕਟ" ਵਿੱਚ ਲਿਖੀ ਹੋਈ "ਸਿੱਖ" ਦੀ ਪਰਿਭਾਸ਼ਾ, ਕੇਵਲ ਗੁਰਦਵਾਰਾ ਚੋਣਾਂ ਨਾਲ ਸੰਬੰਧਿਤ ਹੈ। ਪਰੰਤੂ, ਇਹ ਪਰਿਭਾਸ਼ਾ ਗੁਰੂ ਆਸ਼ੇ ਤੋਂ ਵਿਰੁੱਧ ਹੈ।

ਠਾਕੁਰ ਦਲੀਪ ਸਿੰਘ ਨੇ ਆਪਣੀ ਗੱਲ ਨੂੰ ਸਪੱਸ਼ਟ ਕਰਦੇ ਹੋਏ ਆਖਿਆ ਹੈ ਕਿ ਗੁਰੂ ਸਾਹਿਬਾਨ ਦੇ ਵੇਲੇ ਵੀ ਸਿੱਖ ਤਿਲਕ ਲਾਉਂਦੇ ਸਨ ਅਤੇ ਸਤਿਗੁਰੂ ਜੀ ਆਪ ਵੀ ਕਈ ਵਾਰੀ ਤਿਲਕ ਲਾਉਂਦੇ ਸਨ। ਤਿਲਕ ਲਾਉਣ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਹੈ "ਰਾਮਦਾਸ ਸੋਢੀ ਤਿਲਕੁ ਦੀਆ।ਭਾਈ ਗੁਰਦਾਸ ਜੀ ਅਨੁਸਾਰ: ਗੁਰੂ ਜੀ ਦੀ ਹਜ਼ੂਰੀ ਵਿਚ, ਸੰਗਤ ਵਿੱਚ ਬੈਠਣ ਵਾਲੇ ਸਿੱਖ ਤਿਲਕ ਲਾਉਂਦੇ ਸੀ "ਮਥੈ ਟਿਕੇ ਲਾਲ ਲਾਇ ਸਾਧਸੰਗਤਿ ਚਲਿ ਜਾਇ ਬਹੰਦੇ।ਇਸ ਕਰਕੇ, ਤਿਲਕ ਲਾਇਆਂ; ਕੋਈ ਸਿੱਖ ਤੋਂ ਹਿੰਦੂ ਨਹੀਂ ਬਣ ਜਾਂਦਾ।

ਉਨ੍ਹਾਂ ਕਿਹਾ ਕਿ ਜੋ ਸੱਜਣ ਇਹ ਕਹਿੰਦੇ ਹਨ ਕਿ ਕੇਸ ਰਹਿਤ (ਮੋਨੇ) ਜਾਂ/ਅਤੇ ਤਿਲਕ ਲਾਉਣ ਵਾਲੇ ਲੋਕ "ਸਿੱਖ" ਨਹੀਂ ਹਨ; ਉਹ ਸੱਜਣ ਭੋਲੇ ਹਨ, ਜਾਂ ਸਿੱਖ ਪੰਥ ਵਿਰੋਧੀ ਹਨ। ਕਿਉਂਕਿ, ਗੁਰੂ ਗ੍ਰੰਥ ਸਾਹਿਬ ਜੀ ਵਿੱਚ ਤਾਂ ਕਿਧਰੇ ਵੀ ਨਹੀਂ ਲਿਖਿਆ ਕਿ ਕੇਸ ਰਹਿਤ ਜਾਂ ਤਿਲਕ ਲਾਉਣ ਵਾਲਾ "ਸਿੱਖ" ਨਹੀਂ ਹੋ ਸਕਦਾ। ਸਤਿਗੁਰੂ ਨਾਨਕ ਦੇਵ ਜੀ ਉੱਤੇ ਸ਼ਰਧਾ ਰੱਖਣ ਵਾਲਾ ਹਰ ਪ੍ਰਾਣੀ ਸਿੱਖ ਹੈ; ਭਾਵੇਂ ਉਹ ਮੋਨਾ ਹੈ, ਭਾਵੇਂ ਉਹ ਤਿਲਕ ਲਾਉਂਦਾ ਹੈ ਕਿਉਂਕਿ, ਸਿੱਖੀ ਤਾਂ ਸ਼ਰਧਾ ਨਾਲ ਹੈ 'ਸਤਿਗੁਰ ਕੀ ਨਿਤ ਸਰਧਾ ਲਾਗੀ ਮੋਕਉ'।ਸਮੁੱਚੀ ਗੁਰਬਾਣੀ ਵਿੱਚ, ਕਿਤੇ ਵੀ ਸਿੱਖ ਦਾ ਕੋਈ ਵੀ ਬਾਹਰਲਾ ਸਰੂਪ ਅਤੇ ਪਹਿਰਾਵਾ ਨਿਰਧਾਰਿਤ ਨਹੀਂ ਕੀਤਾ ਗਿਆ ਅਤੇ ਨਾ ਹੀ ਕੋਈ ਚਿੰਨ੍ਹ ਜਾਂ ਪਹਿਰਾਵਾ ਧਾਰਨ ਕਰਨ ਤੋਂ ਮਨਾਹੀ ਕੀਤੀ ਗਈ ਹੈ।ਇਸ ਲਈ, ਹਰ ਮੋਨਾ ਹਿੰਦੂ ਨਹੀਂ; ਹਰ ਕੇਸਾਧਾਰੀ ਸਿੱਖ ਨਹੀਂ।

# ਭਾਰਤ 'ਚ 'ਟਵਿੱਟਰ ਪੋਸਟ ਬੈਨ' ਕਰਨ ਦੀ ਨਿਖੇਧੀ

ਅੰਮ੍ਰਿਤਸਰ:-ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਵਲੋਂ ਆਪਣੇ ਟਵਿੱਟਰ ਖਾਤਿਆਂ 'ਤੇ 27 ਮਾਰਚ ਦੀ ਪੰਥਕ ਇਕੱਤਰਤਾ ਸੰਬੰਧੀ ਅਪਲੋਡ ਕੀਤੇ ਟਵਿੱਟਰ ਪੋਸਟ ਸਰਕਾਰ ਵਲੋਂ ਬੈਨ ਕਰਨ ਦੀ ਸੂਚਨਾ ਮਿਲੀ ਹੈ। ਅਕਾਲ ਤਖ਼ਤ ਸਕੱਤਰੇਤ ਅਨੁਸਾਰ ਜਥੇਦਾਰ ਵਲੋਂ 27 ਮਾਰਚ ਦੀ ਵਿਸ਼ੇਸ਼ ਪੰਥਕ ਇਕੱਤਰਤਾ ਸੰਬੰਧੀ ਆਪਣੇ ਟਵਿਟਰ 'ਤੇ ਅੱਪਲੋਡ ਕੀਤੀ ਇਕ ਸੂਚਨਾ ਪੋਸਟ ਨੂੰ ਅੱਜ ਭਾਰਤ 'ਚ ਬੈਨ ਕੀਤਾ ਗਿਆ ਹੈ । ਇਸੇ ਤਰ੍ਹਾਂ ਇਸੇ ਪੋਸਟ ਨੂੰ ਸ਼੍ਰੋਮਣੀ ਕਮੇਟੀ ਨੇ ਵੀ ਆਪਣੇ ਟਵਿੱਟਰ ਅਕਾਊਂਟ 'ਤੇ ਅਪਲੋਡ ਕੀਤਾ ਸੀ, ਜਿਸ ਨੂੰ ਬੀਤੇ ਦਿਨ ਹਟਾ ਦਿੱਤਾ ਗਿਆ ਸੀ, ਜਿਸ ਦੀ ਨਿੰਦਾ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਹ ਪੋਸਟ ਭਾਰਤ ਅੰਦਰ ਬੈਨ ਕਰਨ ਦੀ ਕਰੜੀ ਨਿਖੇਧੀ ਕਰਦਿਆਂ ਸਰਕਾਰਾਂ ਨੂੰ ਜ਼ਾਬਤੇ ਅੰਦਰ ਰਹਿਣ ਲਈ ਕਿਹਾ।ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਸਿੱਖਾਂ ਦੀ ਕਿਰਦਾਰਕੁਸ਼ੀ ਕੀਤੀ ਜਾ ਰਹੀ ਹੈ ਤੇ ਦੁੱਖ ਦੀ ਗੱਲ ਹੈ ਕਿ ਇਸ ਵਰਤਾਰੇ ਵਿਰੁੱਧ ਸਿੱਖ ਕੌਮ ਵਲੋਂ ਉਠਾਈ ਜਾ ਰਹੀ ਆਵਾਜ਼ ਨੂੰ ਸਰਕਾਰਾਂ ਦਬਾਅ ਰਹੀਆਂ ਹਨ। ਉਨ੍ਹਾਂ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰ ਰਲ ਕੇ ਖੇਡੀ ਜਾ ਰਹੀ ਇਸ ਖੇਡ ਨੂੰ ਤੁਰੰਤ ਬੰਦ ਕਰੇ।

# ਨਾਰਵੇ ਦੀ ਸਰਕਾਰ ਨੂੰ ਕਸ਼ਮੀਰ ਮਸਲੇ ਤੇ ਲਿਖਿਆ ਪੱਤਰ



ਓਸਲੋ-ਨਾਰਵੇ ਦੀ ਸਰਕਾਰ ਨੂੰ ਕਸ਼ਮੀਰ 'ਤੇ ਨੋਟਿਸ 'ਤੇ ਭੇਜਿਆ ਗਿਆ ਹੈ, ਜਿਸ ਨੇ ਭਾਰਤ ਵਾਲੇ ਜੰਮੂ-ਕਸ਼ਮੀਰ 'ਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨੂੰ ਖਤਮ ਕਰਨ ਲਈ ਯੂਰਪੀ ਦੇਸ਼ ਦੀ ਸਰਗਰਮ ਭੂਮਿਕਾ ਦੀ ਮੰਗ ਕੀਤੀ ਹੈ।ਤਹਿਰੀਕ-ਏ-ਕਸ਼ਮੀਰ ਨਾਰਵੇ ਚੈਪਟਰ ਨੇ ਇੱਕ ਪਟੀਸ਼ਨ ਸ਼ੁਰੂ ਕੀਤੀ ਸੀ, ਜਿਸ ਵਿੱਚ ਪੂਰੇ ਨਾਰਵੇ ਤੋਂ 3200 ਤੋਂ ਵੱਧ ਦਸਤਖਤ ਇਕੱਠੇ ਕੀਤੇ ਗਏ ਸਨ, ਜਿਸ ਵਿੱਚ ਨਾਰਵੇ ਦੇ ਅਧਿਕਾਰੀਆਂ ਅਤੇ ਨਾਰਵੇ ਦੀ ਸਰਕਾਰ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਜੰਮੂ ਦੇ ਲੋਕਾਂ ਦੇ ਬੁਨਿਆਦੀ ਮਨੁੱਖੀ ਅਧਿਕਾਰਾਂ ਲਈ ਅੰਤਰਰਾਸ਼ਟਰੀ ਭਾਈਚਾਰੇ ਨਾਲ ਗੱਲਬਾਤ ਸ਼ੁਰੂ ਕਰਨ।ਕਸ਼ਮੀਰੀ ਕਾਰਕੁਨਾਂ ਨੇ ਨਾਰਵੇ ਦੀ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਕਸ਼ਮੀਰ ਦੇ ਨਾਲ "ਇਕਜੁੱਟਤਾ ਵਿੱਚ ਨਿਆਂ ਦੇ ਸੱਦੇ ਦਾ ਸਮਰਥਨ ਕਰਨ" ਕਿਉਂਕਿ ਕਸ਼ਮੀਰ ਵਿੱਚ ਲੋਕ "ਦਹਾਕਿਆਂ ਤੋਂ ਬੇਰਹਿਮ ਮਨੁੱਖੀ ਅਧਿਕਾਰਾਂ ਦੀ ਉਲੰਘਣਾ" ਦਾ "1947 ਵਿਚ ਬ੍ਰਿਟਿਸ਼ ਸ਼ਾਸਨ ਤੋਂ ਆਜ਼ਾਦ ਹੋਣ ਤੋਂ ਬਾਅਦ, ਜੰਮੂ ਅਤੇ ਕਸ਼ਮੀਰ ਤੇ ਭਾਰਤ ਨੇ ਕਬਜ਼ਾ ਕਰ ਲਿਆ ਗਿਆ ਹੈ। ਉਦੋਂ ਤੋਂ, ਆਬਾਦੀ ਘੋਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਸਾਹਮਣਾ ਕਰ ਰਹੀ ਹੈ, ਸੈਂਕੜੇ ਹਜ਼ਾਰਾਂ ਆਪਣੀਆਂ ਜਾਨਾਂ ਗੁਆ ਚੁੱਕੇ ਹਨ ਅਤੇ ਹੋਰ ਵੀ ਹਿਰਾਸਤ ਵਿੱਚ ਹਨ, ਬੇਕਸੂਰ ਤੌਰ 'ਤੇ ਦੋਸ਼ੀ ਠਹਿਰਾਏ ਗਏ ਹਨ," ਪਟੀਸ਼ਨ ਵਿੱਚ ਲਿਖਿਆ ਗਿਆ ਹੈ।"ਬੱਚੇ ਮਾਪਿਆਂ ਤੋਂ ਬਿਨਾਂ ਵੱਡੇ ਹੁੰਦੇ ਹਨ, ਔਰਤਾਂ ਨੂੰ ਕੋਈ ਅਧਿਕਾਰ ਨਹੀਂ ਹੁੰਦੇ ਹਨ ਅਤੇ ਰੋਜ਼ਾਨਾ ਆਧਾਰ 'ਤੇ ਹਿੰਸਾ ਅਤੇ ਦੁਰਵਿਵਹਾਰ ਦਾ ਸਾਹਮਣਾ ਕਰਨਾ ਪੈਂਦਾ ਹੈ, ਅਤੇ ਗਿਣਤੀ ਹਫ਼ਤੇ-ਦਰ-ਦਿਨ ਵਧਦੀ ਜਾਂਦੀ ਹੈ। 1989 ਤੋਂ ਹੁਣ ਤੱਕ ਦਰਜ ਕੀਤੇ ਗਏ ਅੰਕੜੇ ਦਰਸਾਉਂਦੇ ਹਨ ਕਿ ਭਾਰਤ ਨੇ 96,156 ਤੋਂ ਵੱਧ ਲੋਕਾਂ ਦੀ ਹੱਤਿਆ ਕੀਤੀ ਹੈ, ਪਟੀਸ਼ਨ ਵਿੱਚ ਇਹ ਵੀ ਲਿਖਿਆ ਗਿਆ ਕਿ "ਸੰਯੁਕਤ ਰਾਸ਼ਟਰ ਨੇ ਕਸ਼ਮੀਰ ਨੂੰ ਦੁਨੀਆ ਦਾ ਸਭ ਤੋਂ ਖਤਰਨਾਕ ਸਥਾਨ ਘੋਸ਼ਿਤ ਕੀਤਾ ਹੈ ਅਤੇ ਹਾਲਾਂਕਿ ਸੰਯੁਕਤ ਰਾਸ਼ਟਰ ਨੇ ਕਈ ਵਾਰ ਸ਼ਾਂਤੀ ਵਾਰਤਾ ਕਰਨ ਲਈ ਕਿਹਾ ਹੈ ਪਰ ਭਾਰਤ ਨਹੀਂ ਮੰਨ ਰਿਹਾ।ਭਾਰਤੀ ਅਧਿਕਾਰੀਆਂ ਨੇ ਅਗਸਤ 2019 ਵਿੱਚ ਕਸ਼ਮੀਰ ਦੀ ਆਬਾਦੀ ਉੱਤੇ ਨਿਯੰਤਰਣ ਸਖ਼ਤ ਕਰ ਦਿੱਤਾ, ਕਈ ਮਹੀਨਿਆਂ ਤੋਂ ਭਾਈਚਾਰੇ ਨੂੰ ਪੂਰੀ ਤਰ੍ਹਾਂ ਅਲੱਗ-ਥਲੱਗ ਅਤੇ ਤਾਲਾਬੰਦੀ ਲਗਾ ਦਿੱਤੀ, "









# ਸ੍ਰੀ ਲਹਿੰਬਰ ਰਾਓ ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਿਜ਼ ਸੁਸਾਇਟੀ ਦੇ ਬਣੇ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਵੱਲੋਂ ਵਧਾਈ

ਸਰੀ (ਹਰਦਮ ਮਾਨ): ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਜ਼ ਸੁਸਾਇਟੀ ਅਤੇ ਫਾਈਵ ਰਿਵਰਜ਼ ਮੈਨੇਜਮੈਂਟ ਦੇ ਪ੍ਰਬੰਧਕੀ ਬੋਰਡ ਦੀ ਚੋਣ 26 ਮਾਰਚ 2023 ਨੂੰ ਹੋਈ ਜਿਸ ਵਿਚ ਸਾਰੇ ਡਾਇਰੈਕਟਰ ਸਰਬਸੰਮਤੀ ਨਾਲ ਚੁਣੇ ਗਏ ਅਤੇ ਇਹ ਨਵੇਂ ਚੁਣੇ ਗਏ ਬੋਰਡ ਮੈਂਬਰਜ ਪਹਿਲੀ ਅਪ੍ਰੈਲ ਤੋਂ ਚਾਰਜ ਸੰਭਾਲ ਲੈਣਗੇ। ਇਹ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਸੁਰਿੰਦਰ ਸਿੰਘ ਜੱਬਲ ਨੇ ਦੱਸਿਆ ਹੈ ਕਿ ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਜ਼ ਸੁਸਾਇਟੀ ਵਿਚ ਇਸ ਸਮੇਂ ਵੈਨਕੂਵਰ ਇਲਾਕੇ ਦੀਆਂ 12 ਧਾਰਮਿਕ ਸੁਸਾਇਟੀਆਂ ਅਤੇ ਸਹਿਯੋਗੀਆਂ ਸਣੇ ਕੁਲ ਮਿਲਾ ਕੇ 57 ਡੈਲੀਗੇਟ ਹਨ। ਅਰੰਭ ਵਿਚ ਇਸ ਸੰਸਥਾ ਦਾ ਮੁੱਖ ਮੰਤਵ ਆਪਣੀ ਕਮਿਊਨਿਟੀ ਵੱਲੋਂ ਆਪਣਾ ਫਿਊਨਰਲ ਹੋਮ (ਸਸਕਾਰ ਘਰ) ਬਣਾਉਣਾ ਤੇ ਚਲਾਉਣਾ ਸੀ ਜੋ ਜੂਨ 2002 ਤੋਂ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਚ 7410 ਹੌਪਕੋਟ ਸਟਰੀਟ ਤੇ ਚੱਲ ਰਿਹਾ ਹੈ ਜਿਥੇ ਕਿ ਆਪਣੇ ਸਨੇਹੀਆਂ ਦਾ ਅੰਤਮ ਸੰਸਕਾਰ ਆਪਣੀਆਂ ਧਾਰਮਿਕ ਰਹੁਰੀਤਾਂ ਨਾਲ ਸੰਭਾਵੀ ਝੱਲਣਯੋਗ ਖਰਚੇ ਨਾਲ ਹੋ ਜਾਂਦਾ ਹੈ।



ਸ. ਜੱਬਲ ਨੇ ਕਿਹਾ ਹੈ ਕਿ ਪਿਛਲੇ ਸਮੇਂ ਵਿਚ ਕਈ ਅਫਵਾਹਾਂ ਸੁਨਣ ਨੂੰ ਮਿਲੀਆਂ ਕਿ ਰਿਵਰਸਾਈਡ ਫੀਊਨਰਲ ਹੋਮ (ਸਸਕਾਰ ਘਰ) ਵਿਕ ਗਿਆ ਹੈ, ਜਿਹਨਾਂ ਵਿਚ ਕੋਈ ਸੱਚਾਈ ਨਹੀਂ। ਉਨ੍ਹਾਂ ਯਕੀਨ ਦੁਆਇਆ ਹੈ ਕਿ ਕਮਿਊਨਿਟੀ ਦਾ ਆਪਣਾ ਸਸਕਾਰ-ਘਰ ਮੈਨੇਜਮੈਂਟ ਅਤੇ ਯੋਗ ਲਾਇਸੰਸਸ਼ੁਦਾ ਸਟਾਫ ਵੱਲੋਂ ਨਿਯਮਬੱਧ ਤਰੀਕੇ ਨਾਲ ਚਲਾਇਆ ਜਾ ਰਿਹਾ ਹੈ। ਜਿਸ ਵਿਚ ਪਹਿਲ ਦੇ ਅਧਾਰ ਤੇ ਬਿਨਾਂ ਪੱਖਪਾਤ ਤੋਂ ਸਸਕਾਰ ਦਾ ਸਮਾਂ ਤਹਿ ਕੀਤਾ ਜਾਂਦਾ ਹੈ। ਪਰ ਪਿਛਲੇ 20 ਸਾਲਾਂ ਵਿਚ ਆਬਾਦੀ ਵਧਣ ਕਰਕੇ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਚ ਸਸਕਾਰ ਕਰਨ ਲਈ ਇਕ ਹਫਤੇ ਤੋਂ ਵੱਧ ਸਮਾਂ ਲੱਗਣ ਲੱਗ ਪਿਆ ਹੈ ਜਿਸ ਕਰਕੇ ਹੋਰ ਪ੍ਰਾਈਵੇਟ ਸਸਕਾਰ ਘਰ ਮਜਬੂਰਨ ਲੱਭਣਾ ਪੈਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਮੁਸ਼ਕਿਲ ਨੂੰ ਹੱਲ ਕਰਨ ਲਈ ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਜ਼ ਸੁਸਾਇਟੀ ਨੇ ਸਰੀ ਵਿਚ 168 ਸਟਰੀਟ ਤੇ 9280-9350 ਬਲਾਕ ਵਿਚ ਇਕ ਹੋਰ ਰਿਵਰਸਾਈਡ ਫਿਊਨਰਲ ਹੋਮ ਸਰੀ ਬਨਾਉਣ ਦਾ ਪ੍ਰੋਗਰਾਮ ਉਲੀਕਿਆ ਹੈ ਜੋ ਕਿ ਆਉਂਦੇ ਸਾਲਾਂ ਵਿਚ ਹੋਂਦ ਵਿਚ ਆ ਜਾਵੇਗਾ।

ਇਸ ਸੰਬੰਧੀ ਪਿਛਲੇ ਸਾਲ ਤੋਂ ਆਰਕੀਟੈਕਟ ਅਤੇ ਇੰਜਨੀਅਰਾਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਜ਼ ਸੁਸਾਇਟੀ ਦੂਸਰਾ ਸਸਕਾਰ-ਘਰ (ਰਿਵਰਸਾਈਡ ਫਿਊਨਰਲ ਹੋਮ) ਸਰੀ ਵਿਚ ਬਨਾਉਣ ਲਈ ਪੂਰੀ ਤਨਦੇਹੀ ਨਾਲ ਵਚਨਵੱਧ ਹੈ।

**ਫਾਈਵ ਰਿਵਰਜ਼ ਕਮਿਊਨਿਟੀ ਸਰਵਿਸਜ਼ ਸੁਸਾਇਟੀ ਦੇ ਨਵੇਂ ਚੁਣੇ ਗਏ ਅਹੁਦੇਦਾਰ-**

ਪ੍ਰਧਾਨ - ਲਹਿੰਬਰ ਰਾਓ, ਸੀਨੀਅਰ ਮੀਤ ਪ੍ਰਧਾਨ - ਸੁਖਵੰਤ ਸਿੰਘ ਤੱਖਰ, ਮੀਤ ਪ੍ਰਧਾਨ -ਡਾ. ਪ੍ਰੀਤੀ ਮਿਸਰਾ

ਜਨਰਲ ਸਕੱਤਰ-ਜੁਗਿੰਦਰ ਸਿੰਘ ਸੁੰਨੜ, ਰੀਕਾਰਡਿੰਗ ਸਕੱਤਰ-ਕਰਨੈਲ ਸਿੰਘ ਸਿਹੋਤਾ, ਜੁਆਇੰਟ ਸਕੱਤਰ - ਕਿਰਪਾਲ ਸਿੰਘ ਪਿੰਜਲ, ਖਜ਼ਾਨਚੀ-ਅਵਤਾਰ ਸਿੰਘ ਢਿਲੋਂ, ਜੁਆਇੰਟ ਖਜ਼ਾਨਚੀ-ਜੋਗਰਾਜ ਸਿੰਘ ਨਿੱਝਰ, ਪੀ.ਆਰ.ਓ.-ਅਮਰੀਕ ਸਿੰਘ ਨਿੱਝਰ, ਇੰਨਟਰਨਲ ਔਡੀਟਰ-ਤਰਸੇਮ ਸਿੰਘ ਬੰਗਾ, ਔਡਿਟ ਕਮੇਟੀ ਮੈਂਬਰ-ਹਰਭਜਨ ਸਿੰਘ ਅਟਵਾਲ ਤੇ ਸੋਹਨ ਸਿੰਘ ਮਾਂਗਟ।

ਫਾਈਵ ਰਿਵਰਜ਼ ਮੈਨੇਜਮੈਂਟ ਸਰਵਿਸਜ਼ ਸੁਸਾਇਟੀ ਦੇ ਨਵੇਂ ਚੁਣੇ ਗਏ ਅਹੁਦੇਦਾਰ-

ਪ੍ਰਧਾਨ- ਲੈਂਬਰ ਰਾਓ, ਮੀਤ ਪ੍ਰਧਾਨ-ਬਲਬੀਰ ਸਿੰਘ ਪਰਹਾਰ, ਜਨਰਲ ਸਕੱਤਰ-ਜੁਗਿੰਦਰ ਸਿੰਘ ਸੁੰਨੜ, ਜੁਆਇੰਟ ਸਕੱਤਰ-ਲਖਬੀਰ ਸਿੰਘ ਖੰਗੂਰਾ, ਖਜ਼ਾਨਚੀ-ਅਵਤਾਰ ਸਿੰਘ ਢਿਲੋਂ, ਜੁਆਇੰਟ ਖਜ਼ਾਨਚੀ-ਜੋਗਿੰਦਰ ਸਿੰਘ ਗਿੱਲ, ਇੰਨਟਰਨਲ ਔਡੀਟਰ-ਸੁਰਿੰਦਰ ਸਿੰਘ ਜੱਬਲ।

ਸ੍ਰੀ ਲਹਿੰਬਰ ਰਾਓ ਦੇ ਪ੍ਰਧਾਨ ਬਣਨ ਤੇ ਸ੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਵਧਾਈ ਦਿੱਤੀ ਜਾਂਦੀ ਹੈ। ਬਿੱਲ ਬਸਰਾ, ਗੁਰਮੁਖ ਸਿੱਧੂ, ਹਰਭਜਨ ਲਾਲਾ ਮਹੇ, ਹੁਕਮ ਚੰਦ, ਪਰਮਜੀਤ ਸਿੰਘ ਕੈਂਥ, ਅਰੁਣਜੀਤ ਲਾਗੇਰੀ, ਰਾਜ ਕੁਮਾਰ ਬੰਗੜ, ਅਰਵਿੰਦਰ ਲਾਲੀ, ਪਰਮਜੀਤ ਸਰੋਆ, ਸੁਰਿੰਦਰ ਕਲਸੀ, ਸੰਤੋਖ ਜੱਸਲ, ਰਾਜੇਸ਼ ਕੁਮਾਰ ਤੂਰਾ, ਬਾਲ ਮੁਕੰਦ ਸਿੰਘ, ਗੁਰਬਖਸ਼ ਸਿੰਘ ਢੰਡਾ, ਹਰਜਿੰਦਰ ਸਿੰਘ ਸਾਹਨੀ, ਸੁਦਰਸ਼ਨ ਕੁਮਾਰ ਅਰਧਾਵਾ, ਮੱਖਣ ਸਿੰਘ ਚੰਬਾ, ਸ਼ਿੰਗਾਰਾ ਰਾਮ ਔਜਲਾ, ਪਿਆਰ ਸਿੰਘ ਹੀਰਾ, ਪ੍ਰੇਮ ਨਾਥ ਮੱਲ ਅਤੇ ਸਮੂਹ ਕਮਿਊਨਿਟੀ ਨੇ ਉਹਨਾਂ ਨੂੰ ਵਧਾਈ ਦਿੱਤੀ।

ਇਸ ਤੋਂ ਇਲਾਵਾ ਵੈਨਕੂਵਰ ਲੋਅਰ ਮੇਨਲੈਂਡ ਦੀਆਂ ਸਮੂਹ ਸਿੱਖ ਸੁਸਾਇਟੀਆਂ ਨੇ ਵੀ ਲਹਿੰਬਰ ਰਾਓ ਨੂੰ ਵਧਾਈ ਦਿੰਦਿਆਂ ਕਿਹਾ ਕਿ ਸ੍ਰੀ ਲਹਿੰਬਰ ਰਾਓ ਬਹੁਤ ਹੀ ਵਧੀਆ ਪ੍ਰਬੰਧਕ ਹਨ, ਜੋ ਕਿ ਲੰਮੇ ਸਮੇਂ ਤੋਂ ਸੁਸਾਇਟੀ ਦੇ ਕੰਮਾਂ ਵਿਚ ਵਾਲੰਟੀਅਰ ਤੌਰ ਤੇ ਹਿੱਸਾ ਲੈ ਰਹੇ ਹਨ। ਇਹਨਾਂ ਦੀ ਯੋਗ ਅਗਵਾਈ ਵਿਚ ਕਮਿਊਨਿਟੀ ਬਹੁਤ ਹੀ ਲਾਹਾ ਪ੍ਰਾਪਤ ਕਰੇਗੀ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੇਸ਼ ਕੀਤਾ 11.64 ਅਰਬ ਰੁਪਏ ਦਾ ਸਾਲਾਨਾ ਬਜਟ

ਅੰਮ੍ਰਿਤਸਰ:ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਲਾਨਾ ਬਜਟ ਸਾਲ 2023-24 ਦੀ ਜਰਨਲ ਇਕੱਤਰਤਾ ਸ਼ੁਰੂ ਹੋ ਗਈ ਹੈ। ਅਰਦਾਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕੀਤੀ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਹੁਕਮਨਾਮਾ ਲਿਆ। ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਨੇ ਦਿੱਤੀ। ਬਜਟ ਸ਼੍ਰੋਮਣੀ ਕਮੇਟੀ ਦੇ ਜਰਨਲ ਸਕੱਤਰ ਭਾਈ ਗੁਰਚਰਨ ਸਿੰਘ ਨੇ ਪੇਸ਼ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜਨਰਲ ਇਜਲਾਸ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਵੱਲੋਂ ਬਜਟ ਪੇਸ਼ ਕੀਤਾ ਜਾਵੇਗਾ। ਬਜਟ ਇਜਲਾਸ ਵਿਚ ਸ਼੍ਰੋਮਣੀ ਕਮੇਟੀ ਅਹੁਦੇਦਾਰ ਤੇ ਮੈਂਬਰ ਸ਼ਾਮਲ ਹੋਏ ਹਨ। ਇਸ ਸਾਲ ਦਾ ਬਜਟ ਹਰਿਆਣਾ ਦੇ ਗੁਰਦੁਆਰਿਆਂ ਤੋਂ ਵੱਖ ਹੈ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣਾ ਇਸ ਸਾਲ ਦਾ ਬਜਟ 106.5 ਕਰੋੜ ਰੁਪਏ ਪਹਿਲਾਂ ਹੀ ਪਾਸ ਕਰ ਲਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ 11 ਅਰਬ 6 ਕਰੋੜ 4 ਲੱਖ 55 ਹਜ਼ਾਰ 439 ਰੁਪਏ ਦਾ ਬਜਟ ਪੇਸ਼ ਕੀਤਾ ਗਿਆ ਹੈ ਜਿਸ ਵਿਚ ਗੁਰਦੁਆਰਾ ਸਾਹਿਬਾਨ ਲਈ 8 ਅਰਬ 55 ਕਰੋੜ 39 ਲੱਖ ਰੁਪਏ ਦਾ ਬਜਟ ਰੱਖਿਆ ਗਿਆ ਹੈ। ਸਾਲਾਨਾ ਬਜਟ 2023-24 ਵਿੱਚੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਸ ਸਾਲ ਦਾ ਬਜਟ 106.5 ਕਰੋੜ ਰੁਪਏ ਘੱਟ ਜਾਣ ਕਾਰਨ ਇਹ ਬਜਟ 11 ਅਰਬ 6 ਕਰੋੜ 4 ਲੱਖ 55 ਹਜ਼ਾਰ 439 ਰੁਪਏ ਦਾ ਰਹਿ ਗਿਆ ਹੈ। ਇਸ ਵਾਰ 32 ਕਰੋੜ 9 ਲੱਖ 98 ਹਜ਼ਾਰ 942 ਰੁਪਏ ਬਜਟ 'ਚ ਵੱਧ ਹੋਣ ਦਾ ਅਨੁਮਾਨ ਹੈ। ਬਜਟ 'ਚ ਵਿਦਿਅਕ ਅਦਾਰਿਆਂ ਦਾ ਘਾਟਾ 29 ਕਰੋੜ 80 ਲੱਖ 98 ਹਜ਼ਾਰ 862 ਰੁਪਏ ਹੈ।


Sidhu Homeopathic Clinic

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ

- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ। ਫਰੀ ਅਸੈਸਮੈਂਟ ਲਓ। ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ। ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:

- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਜਿਊਂਦੇ ਜੀਅ ਨਰਕ

ਨਰਕ ਸਵਰਗ ਦੀ ਚਰਚਾ ਧੁਰ ਤੋਂ ਚੱਲੀ ਆ ਰਹੀ ਹੈ। ਫਿਰ ਮੁਕਤੀ ਦੀ ਗੱਲ ਵੀ ਨਾਲ-ਨਾਲ ਹੋ ਜਾਂਦੀ ਹੈ। ਮਨੁੱਖ ਜੀਵਨ ’ਚ ਸੁੱਖ-ਦੁੱਖ ਦੋਨੋਂ ਹੰਢਾਉਂਦਾ ਹੈ। ਕਈ ਮੰਦਭਾਗੇ ਬਹੁਤਾ ਸਮਾਂ ਦੁਖੀ ਰਹਿੰਦੇ ਹਨ ਤੇ ਕਈ ਜ਼ਿਆਦਾ ਸਮਾਂ ਸੁਖ ਭੋਗਦੇ ਹਨ। ਅਤਿ ਦੀ ਗਰੀਬੀ ਦੇ ਮਾਰੇ ਜੋ ਹੋਟਲ ਦੀ ਜੂਠ ਖਾਣ ਲਈ ਮਜਬੂਰ ਹਨ ਤੇ ਖੁੱਲ੍ਹੇ ਅਸਮਾਨ ਹੇਠ ਸੌਂਦੇ ਹਨ। ਸਾਰੀ ਜੂਨ ਨਰਕ ਹੀ ਭੋਗਦੇ ਹਨ ਚਾਹੇ ਕਾਰਲ ਮਾਰਕਸ ਦੇ ਕਥਨ ਅਨੁਸਾਰ ਉਹ ਇਸ ਹਾਲਤ ਨੂੰ ਰੱਬ ਦਾ ਭਾਣਾ ਮਨ ਲੈਂਦੇ ਹਨ ਤੇ ਕਿਸੇ ਤਬਦੀਲੀ ਲਈ ਘੋਲ ਨਹੀਂ ਕਰਦੇ। ਇਸੇ ਕਾਰਨ ਕਾਰਲ ਮਾਰਕਸ ਨੇ ਧਰਮ ਜਾਂ ਰੱਬਵਾਦ ਨੂੰ ਲੋਕਾਂ ਦੀ ਅਫ਼ੀਮ ਆਖਿਆ ਸੀ।

ਕੁਝ ਵਿਸ਼ੇਸ਼ ਹਾਲਤਾਂ ਵਿੱਚ ਕਈ ਸੱਜਣ ਅਜਿਹੀ ਬਿਮਾਰੀ ਨਾਲ ਗ੍ਰਸਤ ਹੋ ਜਾਂਦੇ ਹਨ ਕਿ ਉਸ ਦਾ ਇਲਾਜ ਨਹੀਂ ਹੁੰਦਾ। ਭਾਵ ਉਹ ਨਾ ਮੋਇਆ ’ਚ ਹੁੰਦੇ ਹਨ ਤੇ ਨਾ ਜਿਊਂਦਿਆਂ ’ਚ। ਉੱਪਰ ਵਾਲੇ (ਘਰ ਵਾਲੇ) ਵੀ ਹੱਥ ਜੋੜਦੇ ਹਨ ਕਿ ਮੁਕਤੀ ਆ ਜਾਵੇ ਤੇ ਇੰਝ ਹੀ ਮਰੀਜ਼ ਆਪ ਵੀ ਅੰਦਰੋਂ ਲੋਚਦਾ ਹੈ। ਉਂਝ ਚਰਚਾ ਨਰਕ ਸਵਰਗ ਦੀ ਮਰਨੋਂ ਉਪਰੰਤ ਵੀ ਹੁੰਦੀ ਹੈ ਪਰ ਇਸ ਬਾਰੇ ਕੁਝ ਵੀ ਅੱਜ ਤੱਕ ਪੱਕੇ ਤੌਰ ’ਤੇ ਕਿਸੇ ਨੂੰ ਕੋਈ ਪਤਾ ਨਹੀਂ। ਬਸ ਜਿਊਂਦੇ ਜੀਅ ਜੋ ਸਾਫ਼ ਦਿਸਦਾ ਹੈ, ਦਲੀਲ ’ਤੇ ਅਧਾਰਤ ਗੱਲ ਇਸ ਬਾਰੇ ਹੀ ਕਹੀ ਸੁਣੀ ਜਾ ਸਕਦੀ ਹੈ। ਮਰਨ ਪਿੱਛੋਂ ਕੀ ਹੁੰਦਾ ਹੈ ਕੋਈ ਨਹੀਂ ਦੱਸ ਸਕਿਆ। ਰਿਸ਼ੀ ਮੁਨੀ ਤੇ ਅਵਤਾਰ ਵੀ ਰੋਂਦੇ ਚਲੇ ਗਏ ਹਨ। ਜੀਵਨ ਦਾ ਯਥਾਰਥ ਤੇ ਦ੍ਰਿਸ਼ ਹੀ ਸਭ ਦੇਖਦੇ ਹਨ ਤੇ ਹੰਢਾਉਂਦੇ ਖਤਮ ਹੋ ਜਾਂਦੇ ਹਨ।

ਅਸੀਂ ਜਿਊਂਦੇ ਜੀਅ ਨਰਕ ਦੀ ਗੱਲ ਕੇਵਲ ਉਹਨਾਂ ਭੁੱਖ-ਦੁੱਖ ਦੇ ਮਾਰਿਆ ਦੀ ਹਾਲਤ ਦੇਖ ਕੇ ਕਰ ਰਹੇ ਹਾਂ। ਜੋ ਸਾਰੀ ਉਮਰ ਇਹ ਨਰਕ ਭੋਗਦੇ ਹੋਏ ਅਲੋਪ ਹੋ ਜਾਂਦੇ ਹਨ। ਗਰਮੀ ਇਨ੍ਹਾਂ ਨੂੰ ਤੰਗ ਕਰਦੀ ਹੈ। ਸਰਦੀ ਇਨ੍ਹਾਂ ਨੂੰ ਤੰਗ ਕਰਦੀ ਹੈ ਤੇ ਇਹ ਜਿਉਣ ਦੀ ਤਾਂ ਜੂਨ ਪੂਰੀ ਕਰਦੇ ਹਨ। ਵੱਡੇ-ਵੱਡੇ ਮਾਲ ਆ ਗਏ ਹਨ : ਕਰੋੜਾਂ ਦੀਆਂ ਗੱਡੀਆਂ ਸੜਕਾਂ ’ਤੇ ਭੱਜਦੀਆਂ ਹਨ



ਪਰ ਇਨ੍ਹਾਂ ਜਿਊਂਦੇ ਜੀਅ ਨਰਕ ਭੋਗਣ ਵਲਿਆਂ ਦੀ ਹਾਲਤ ਸੁਧਾਰਨ ਵੱਲ ਪੂਰਾ ਧਿਆਨ ਸਰਕਾਰਾਂ ਨਹੀਂ ਦੇ ਰਹੀਆਂ। ਹਾਲਤ ਇਕ ਪਾਸੇ ਅੰਨੀ ਅਮੀਰੀ ਤੇ ਦੂਜੇ ਪਾਸੇ ਅੰਨੀ ਗਰੀਬੀ ਵਾਲੀ ਹੈ। ਭਾਵ ‘‘ਰਾਜੇ-ਰਾਜੇ ਖਾਂਦੇ, ਬਿੱਲੀਆਂ-ਬਿੱਲੀਆਂ ਝਾਕਦੀਆਂ’’ ਵਾਲਾ ਹਾਲ ਹੈ। ਸਮਾਜਿਕ ਬਰਾਬਰੀ, ਸੰਤੁਲਨ ਜਾਂ ਨਿਆਂ ਕਿੱਥੇ ਹੈ? ਇਹ ਗੱਲ ਨਿਰੀ ਸਾਡੇ ਦੇਸ਼ ’ਚ ਨਹੀਂ ਹੈ ਸਗੋਂ ਦੁਨੀਆ ਦੇ ਅਨੇਕਾਂ ਦੇਸ਼ ਹਨ ਜਿੱਥੇ ਆਬਾਦੀ ਦਾ ਕੁਝ ਭਾਗ ਜਿਊਂਦੇ ਜੀਅ ਨਰਕ ਭੋਗਦਾ ਹੈ। ਵਿਸ਼ੇਸ਼ ਕਰਕੇ ਅਫਰੀਕਾ ਮਹਾਂਦੀਪ ਦੇ ਕਈ ਦੇਸ਼ਾਂ ’ਚ ਲੋਕ ਭੁਖਮਰੀ ਦਾ ਸ਼ਿਕਾਰ ਹੁੰਦੇ ਹਨ। ਸਪੱਸ਼ਟ ਹੈ ਕਿ ਮਨੁੱਖਤਾ ਦੀ ਦੁਹਾਈ ਦੇਣ ਵਾਲੇ ਅਮੀਰਾਂ ਨੂੰ ਇਨ੍ਹਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਸਰਕਾਰਾਂ ਆਰਥਿਕ ਨੀਤੀਆਂ ਅਜਿਹੀਆਂ ਬਣਾਉਣ ਤਾਂ ਜੋ ਜਿਊਂਦੇ ਜੀਅ ਨਰਕ ਨਾ ਭੋਗੇ। ਅਮੀਰੀ ਗਰੀਬੀ ਸਦਾ ਕਾਇਮ ਰਹਿਣੀਆਂ ਹਨ ਪਰ ਅਮੀਰੀ ਦੇ ਹੁੰਦੇ ਹੋਏ ਹਰੇਕ ਬੰਦੇ ਲਈ ਮੂਲ ਲੋੜਾਂ ਪੂਰੀਆਂ ਕਰਨ ਦਾ ਪ੍ਰਬੰਧ ਹੋਵੇ। ਹਰੇਕ ਨੂੰ ਕੰਮ ਮਿਲੇ ਜਿਸ ਤਰ੍ਹਾਂ ਵਿਕਸਤ ਦੇਸ਼ਾਂ ਵਿੱਚ ਹੈ। ਮਿਸਾਲ ਵਜੋਂ ਯੂਰਪ, ਕੈਨੇਡਾ ਤੇ ਅਮਰੀਕਾ ਆਦਿ ’ਚ ਸਾਰੇ ਨਾਗਰਿਕਾਂ ਨੂੰ ਕੰਮ ਮਿਲਦਾ ਹੈ ਤੇ ਉਹ ਕਿਸੇ ਦੇ ਘਰ ਝਾੜੂ ਪੋਚਾਂ ਨਹੀਂ ਲਾਉਂਦੇ।

ਸਾਡੀ ਸਰਕਾਰ ਨੂੰ ਆਰਥਿਕ ਨੀਤੀ ਅਜਿਹੀ ਅਪਣਾਉਣੀ ਚਾਹੀਦੀ ਹੈ ਕਿ ਅਮੀਰ, ਗਰੀਬੀ ਦਾ ਪਾੜਾ ਭਿਆਨਕ ਅੰਤਰ ਤੱਕ ਨਾ ਜਾਵੇ। ਪਿੱਛੇ ਜਿਹੇ ਅਖ਼ਬਾਰਾਂ ’ਚ ਰਿਪੋਰਟ ਆਈ ਸੀ ਕਿ ਚਾਲੀ ਪ੍ਰਤੀਸ਼ਤ ਦੌਲਤ ਸਿਰਫ ਤਿੰਨ ਪ੍ਰਤੀਸ਼ਤ ਲੋਕਾਂ ਕੋਲ ਹੈ। ਸੋਚਣ ਵਾਲੀ ਰਿਪੋਰਟ ਹੈ ਕਿ ਇਸ ਪਾਸੇ ਸਰਕਾਰ ਨੂੰ ਕੁਝ ਕਰਨਾ ਚਾਹੀਦਾ ਹੈ। ਲੋਕਾਂ ਨੂੰ ਕੰਮ ਦਿੱਤਾ ਜਾਵੇ ਤਾਂ ਜੋ ਉਹ ਸਵੈਮਾਣ ਨਾਲ ਜਿਊਂ ਸਕਣ। ਰਿਆਇਤਾਂ ਦੇਣ ਨਾਲ ਤਾਂ ਮੁਫ਼ਤਖੋਰੀ ਨਾਲ ਲਾਲਸਾ ਵਧਦੀ ਹੈ। ਜੇ ਸਮਾਜ ’ਚ ਲੋੜਵੰਦ ਦੀ ਸਹਾਇਤਾ ਕਰਨੀ ਹੋਵੇ ਤਾਂ ਰਿਆਇਤੀ ਹੋਣੀ ਚਾਹੀਦੀ ਹੈ ਭਾਵ ਪੰਜਾਹ ਜਾਂ ਵੱਧ ਪ੍ਰਤੀਸ਼ਤ ਦੀ ਰਿਆਇਤ ਹੋਵੇ ਤੇ ਬਾਕੀ ਲਾਭਕਾਰੀ ਦੀ ਜੇਬ ਵਿੱਚੋਂ ਜਾਵੇ। ਹਾਂ, ਅਤਿ ਦੇ ਲੋੜਵੰਦਾਂ ਨੂੰ ਭਾਵੇਂ ਥੋੜ੍ਹੇ ਸਮੇਂ ਲਈ ਸਾਰੀ ਮੁਫ਼ਤ ਇਮਦਾਦ ਦਿੱਤੀ ਜਾਵੇ। ਪਰ ਇਹ ਹੌਲੀ ਬੰਦ ਕਰਕੇ ਹਰੇਕ ਨੂੰ ਆਪਣੇ ਪੈਰਾਂ ’ਤੇ ਖੜ੍ਹਾ ਹੋਣ ’ਚ ਮਦਦ ਹੋਵੇ। ਭਾਵ ਮੁਫ਼ਤਖੋਰੀ ਉੱਕਾ ਹੀ ਉਤਸ਼ਾਹਿਤ ਨਾ ਹੋਵੇ।

ਆਖੀਰ ਵਿੱਚ ਸਰਕਾਰਾਂ ਨੂੰ (ਵਿਸ਼ੇਸ਼ ਕਰਕੇ ਸਾਡੀ ਸਰਕਾਰ ਨੂੰ) ਵੱਡੇ ਅਮੀਰਾਂ (ਜਿਨ੍ਹਾਂ ਨੂੰ ਕਾਰਪੋਰੇਟ ਘਰਾਣੇ ਆਖਿਆ ਜਾਂਦਾ ਹੈ) ਨੂੰ ਹੋਰ ਅਮੀਰ ਬਣਾਉਣ ’ਚ ਨਹੀਂ ਰੁੱਝੇ ਰਹਿਣਾ ਚਾਹੀਦਾ ਸਗੋਂ ਸਮੁੱਚੀ ਆਬਾਦੀ ਦਾ ਫਿਕਰ ਕਰਕੇ ਚੱਲਣਾ ਚਾਹੀਦਾ ਹੈ। ਅਮੀਰਾਂ ਦੀ ਠਾਠ-ਬਾਠ ਤਦੇ ਜੱਚਦੀ ਹੈ ਜੇ ਸਾਰੇ ਲੋਕਾਂ ਨੂੰ ਰੋਟੀ-ਕੱਪੜਾ ਤੇ ਮਕਾਨ ਨਸੀਬ ਹੋਣ। ਹੁਣ ਤਾਂ ਸਾਡੇ ਮੁਤਾਬਿਕ ਆਲੀਸ਼ਾਨ ਕੋਠੀਆਂ, ਵੱਡੇ-ਵੱਡੇ ਮਾਲ ਤੇ ਮਹਿੰਗੀਆਂ ਕਾਰਾਂ ਆਦਿ ਦੀ ਭੱਜ-ਦੌੜ ਨਰਕ ਭੋਗ ਰਹੇ ਗਰੀਬਾਂ ਦੇ ਜ਼ਖ਼ਮਾਂ ’ਤੇ ਲੂਣ ਹੈ। ਇਹ ਸਭ ਕੁਝ ਦੇਖ ਕੇ ਮਨ ਉਦਾਸ ਹੋ ਜਾਂਦਾ ਹੈ। ਤਬਦੀਲੀ ਦੀ ਲੋੜ ਹੈ ਤੇ ਆਸ ਕਰਦੇ ਹਾਂ ਕਿ ਇਹ ਜ਼ਰੂਰ ਆਏਗੀ। ਬਕੌਲ ਸਵ: ਸਾਹਿਰ ਲੁਧਿਆਣਵੀ ‘‘ਵੁਹ ਸੁਭਹ ਕਭੀ ਤੋਂ ਆਏਗੀ’’ ਚਿਤਾਰਦੇ ਹੋਏ ਗੱਲ ਖ਼ਤਮ ਕਰਦੇ ਹਾਂ।

**-ਰਾਜਿੰਦਰ ਪਾਲ ਸ਼ਰਮਾ**

# ਕੈਨੇਡਾ ’ਚ ਪ੍ਰਦਰਸ਼ਨ ਤੋਂ ਬਾਅਦ ਭਾਰਤ ਵੱਲੋਂ ਕੈਨੇਡੀਅਨ ਰਾਜਦੂਤ ਤਲਬ

ਨਵੀਂ ਦਿੱਲੀ:-ਭਾਰਤ ਨੇ ਕੈਨੇਡਾ ਵਿਚ ਖਾਲਿਸਤਾਨੀ ਪੱਖੀ ਕਾਰਕੁਨਾਂ ਵੱਲੋਂ ਭਾਰਤੀ ਅਧਿਕਾਰੀਆਂ ਖ਼ਿਲਾਫ਼ ਰੋਸ ਜ਼ਾਹਰ ਕਰਨ ’ਤੇ ਕੈਨੇਡਾ ਕੋਲ ਆਪਣਾ ਇਤਰਾਜ਼ ਜ਼ਾਹਰ ਕੀਤਾ ਹੈ। ਇਸ ਤੋਂ ਇਲਾਵਾ ਭਾਰਤੀ ਵਿਦੇਸ਼ ਮੰਤਰਾਲੇ ਨੇ ਕੈਨੇਡੀਅਨ ਹਾਈ ਕਮਿਸ਼ਨਰ ਨੂੰ ਤਲਬ ਕੀਤਾ ਹੈ ਤਾਂ ਕਿ ਕੈਨੇਡਾ ਵਿੱਚ ਭਾਰਤ ਦੇ ਕੂਟਨੀਤਕ ਮਿਸ਼ਨ ਅਤੇ ਕੌਂਸਲੇਟਾਂ ਵਿਰੁੱਧ ਕੱਟੜਪੰਥੀ ਤੱਤਾਂ ਦੀਆਂ ਕਾਰਵਾਈਆਂ ਬਾਰੇ ਸਖ਼ਤ ਚਿੰਤਾ ਜ਼ਾਹਰ ਕੀਤੀ ਜਾ ਸਕੇ। ਸਰਕਾਰ ਨੇ ਇਸ ਬਾਰੇ ਸਪਸ਼ਟੀਕਰਨ ਮੰਗਿਆ ਕਿ ਅਜਿਹੇ ਤੱਤਾਂ ਨੂੰ ਪੁਲੀਸ ਦੀ ਮੌਜੂਦਗੀ ਵਿੱਚ ਭਾਰਤੀ ਕੂਟਨੀਤਕ ਮਿਸ਼ਨ ਅਤੇ ਕੌਂਸਲੇਟਾਂ ਦੀ ਸੁਰੱਖਿਆ ਦੀ ਉਲੰਘਣਾ ਕਰਨ ਦੀ ਇਜਾਜ਼ਤ ਕਿਵੇਂ ਦਿੱਤੀ ਗਈ। ਦੱਸਣਾ ਬਣਦਾ ਹੈ ਕਿ ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਸੰਜੈ ਕੁਮਾਰ ਵਰਮਾ ਨੂੰ ਸਰੀ, ਬ੍ਰਿਟਿਸ਼ ਕੋਲੰਬੀਆ ਵਿੱਚ ਇੱਕ ਸਮਾਗਮ ਵਿੱਚ ਆਪਣੀ ਹਾਜ਼ਰੀ ਰੱਦ ਕਰਨੀ ਪਈ ਸੀ ਕਿਉਂਕਿ ਦੋ ਸੌ ਦੇ ਕਰੀਬ ਕੱਟੜਪੰਥੀ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਤਲਵਾਰਾਂ ਤੇ ਡੰਡਿਆਂ ਨਾਲ ਸਮਾਗਮ ਵਾਲੀ ਥਾਂ ਦੇ ਸਾਹਮਣੇ ਇਕੱਠੇ ਹੋ ਗਏ ਹਨ। ਇਸ ਤੋਂ ਇਲਾਵਾ ਅਜਿਹੀਆਂ ਹੀ ਕਈ ਘਟਨਾਵਾਂ ਵਾਪਰੀਆਂ ਹਨ।


GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ
Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ:604-897-5750

ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application

Call : 778-869-1097
By Appointment Only
#202-12677-80AVE SURREY

THANDI AUTO CARE CENTRE LTD
WE DO REPAIR OF ALL MAKES & MODELS
- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ

Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com
#106-12465 82 Ave , Surrey BC

# ਐਨ.ਡੀ.ਪੀ ਆਈ ਸਿੱਖ ਕੌਮ ਦੇ ਸਮਰਥਨ ਵਿਚ

ਔਟਵਾ:- ਨਿਊ ਡੈਮੋਕ੍ਰੇਟਿਕ ਪਾਰਟੀ (ਐੱਨ. ਡੀ. ਪੀ.) ਨੇ ਕੈਨੇਡੀਅਨ ਸਰਕਾਰ ਨੂੰ ਕਸ਼ਮੀਰ ਅਤੇ ਚੰਡੀਗੜ੍ਹ, ਪੰਜਾਬ ਵਿਚ ਹੋਣ ਵਾਲੇ ਜੀ-20 ਸਮਾਗਮਾਂ ਦਾ ਬਾਈਕਾਟ ਕਰਨ ਅਤੇ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਅਤੇ ਅਧਿਕਾਰੀਆਂ ਨੂੰ ਘੱਟ ਗਿਣਤੀਆਂ ਨਾਲ ਦੁਰਵਿਵਹਾਰ ਕਰਨ ਦੇ ਦੋਸ਼ ਵਿਚ ਕੈਨੇਡਾ ਦੀ ਯਾਤਰਾ ‘ਤੇ ਪਾਬੰਦੀ ਲਗਾਉਣ ਦਾ ਸੱਦਾ ਦਿੱਤਾ ਹੈ।ਐਨਡੀਪੀ ਨੇਤਾ ਜਗਮੀਤ ਸਿੰਘ ਨੇ ਆਪਣੇ ਇੰਸਟਾਗ੍ਰਾਮ ਪ੍ਰੋਫਾਈਲ ‘ਤੇ ਇੱਕ ਸੰਦੇਸ਼ ਪੋਸਟ ਕੀਤਾ ਜਿਸ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਲਿਬਰਲ ਸਰਕਾਰ ਨੂੰ ਕਸ਼ਮੀਰ ਅਤੇ ਚੰਡੀਗੜ੍ਹ ਵਿੱਚ ਜੀ-20 ਸੰਮੇਲਨ ਦਾ ਬਾਈਕਾਟ ਕਰਨ ਦੀ ਅਪੀਲ ਕੀਤੀ ਗਈ।

ਉਨ੍ਹਾਂ ਨੇ ਭਾਜਪਾ ਦੀਆਂ ਧਮਕੀਆਂ ਦੇ ਮੱਦੇਨਜ਼ਰ ਕੈਨੇਡਾ ਦੇ ਅੰਦਰ ਅਤੇ ਬਾਹਰ ਕੈਨੇਡੀਅਨ ਨਾਗਰਿਕਾਂ ਦੀ ਸੁਰੱਖਿਆ ਲਈ ਵੀ ਕਿਹਾ।ਜੀ-20 ਸੰਮੇਲਨ ਦੇ ਬਾਈਕਾਟ ਦੀ ਐਨਡੀਪੀ ਦੀ ਮੰਗ ਨੂੰ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ਼ ਕੈਨੇਡਾ (ਡਬਲਯੂਐਸਓ) ਨੇ ਸਮਰਥਨ ਦਿੱਤਾ ਹੈ।



ਭਾਰਤ ਵਿੱਚ ਘੱਟ ਗਿਣਤੀਆਂ ਵਿਰੁੱਧ ਚੱਲ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਅਤੇ ਕੈਨੇਡਾ ਵਿੱਚ ਚੁਣੇ ਹੋਏ ਨੁਮਾਇੰਦਿਆਂ ਨੂੰ ਧਮਕੀਆਂ ਦੇ ਮੱਦੇਨਜ਼ਰ, ਡਬਲਯੂਐਸਓ ਪ੍ਰਧਾਨ ਤੇਜਿੰਦਰ ਸਿੰਘ ਸਿੱਧੂ ਦੁਆਰਾ ਲਿਖੇ ਪੱਤਰ ਵਿੱਚ ਕਿਹਾ ਗਿਆ ਹੈ, “2014 ਤੋਂ, ਭਾਜਪਾ ਸਰਕਾਰ ਦੇ ਅਧੀਨ, ਭਾਰਤ ਵਿੱਚ ਮੁਸਲਮਾਨਾਂ, ਸਿੱਖਾਂ, ਈਸਾਈਆਂ, ਦਲਿਤਾਂ ਅਤੇ ਹੋਰਾਂ ਸਮੇਤ ਘੱਟ ਗਿਣਤੀ ਭਾਈਚਾਰਿਆਂ ‘ਤੇ ਹਮਲਿਆਂ ਵਿੱਚ ਹੈਰਾਨਕੁਨ ਵਾਧਾ ਹੋਇਆ ਹੈ।ਪੱਤਰ ਵਿੱਚ ਅੱਗੇ ਕਿਹਾ ਗਿਆ ਹੈ: “ਭਾਰਤ ਵਿੱਚ ਪੱਤਰਕਾਰਾਂ ਨੂੰ ਕਾਨੂੰਨੀ ਕਾਰਵਾਈ ਦੀ ਧਮਕੀ, ਬਦਨਾਮੀ ਮੁਹਿੰਮਾਂ ਅਤੇ ਸੋਸ਼ਲ ਮੀਡੀਆ ‘ਤੇ ਧਮਕੀਆਂ, ਅਤੇ ਇੱਥੋਂ ਤੱਕ ਕਿ ਸਰੀਰਕ ਹਮਲਿਆਂ ਦੀਆਂ ਧਮਕੀਆਂ ਕਾਰਨ ਸਵੈ-ਸੈਂਸਰ ਲਈ ਵੱਧਦੇ ਦਬਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਮਨੁੱਖੀ ਅਧਿਕਾਰ ਸਮੂਹਾਂ ਨੇ ਵਾਰ-ਵਾਰ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀ ਲਗਾਤਾਰ ਵਿਗੜਦੀ ਸਥਿਤੀ ਵੱਲ ਧਿਆਨ ਖਿੱਚਿਆ ਹੈ, ਜਿਸ ਵਿੱਚ ਹਿਊਮਨ ਰਾਈਟਸ ਵਾਚ ਅਤੇ ਐਮਨੈਸਟੀ ਇੰਟਰਨੈਸ਼ਨਲ ਵਰਗੇ ਸਮੂਹ ਸ਼ਾਮਲ ਹਨ, ਜਿਨ੍ਹਾਂ ਨੂੰ ਭਾਰਤ ਵਿੱਚ ਆਪਣੀਆਂ ਕਾਰਵਾਈਆਂ ਨੂੰ ਰੋਕਣ ਲਈ ਮਜਬੂਰ ਕੀਤਾ ਗਿਆ ਹੈ।

## ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਆਈ ਮੀਡੀਆ ਸਾਹਮਣੇ ਆਖੀਆਂ ਅਹਿਮ ਗੱਲਾਂ



ਚੰਡੀਗੜ੍ਹ:-ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਆਪਣਾ ਪੱਖ ਰੱਖਿਆ। ਕਿਰਨਦੀਪ ਨੇ ਕਿਹਾ ਕਿ ਉਸ ਨੂੰ ਨਹੀਂ ਪਤਾ ਕਿ ਅੰਮ੍ਰਿਤਪਾਲ ਹੁਣ ਕਿੱਥੇ ਹੈ। ਉਸ ਦਾ ਅੰਮ੍ਰਿਤਪਾਲ ਨਾਲ ਕਾਫੀ ਸਮੇਂ ਤੋਂ ਕੋਈ ਸੰਪਰਕ ਨਹੀਂ ਹੋਇਆ। ਜੇਕਰ ਉਹ ਪੁਲਿਸ ਕੋਲ ਹੈ ਤਾਂ ਉਸ ਨੂੰ ਪੇਸ਼ ਕੀਤਾ ਜਾਵੇ।ਅਮਰ ਉਜਾਲਾ ਦੀ ਖ਼ਬਰ ਅਨੁਸਾਰ ਉਸਨੇ ਕਿਹਾ ਕਿ ਮੈਂ ਅੰਮ੍ਰਿਤਪਾਲ ਲਈ ਆਪਣੀ ਨੌਕਰੀ ਅਤੇ ਪਰਿਵਾਰ ਛੱਡਿਆ ਹੈ। ਹੁਣ ਮੈਂ ਉਸਨੂੰ ਇਸ ਹਾਲਤ ਵਿੱਚ ਛੱਡ ਕੇ ਨਹੀਂ ਜਵਾਂਗੀ।ਅੰਮ੍ਰਿਤਪਾਲ ਨੂੰ ਬੇਕਸੂਰ ਦੱਸਦਿਆਂ ਕਿਰਨਦੀਪ ਕੌਰ ਨੇ ਕਿਹਾ ਕਿ ਉਸ ਦੀ ਪਹਿਲੀ ਪਸੰਦ ਸਿੱਖੀ ਦਾ ਪ੍ਰਚਾਰ ਹੈ, ਮੈਂ ਉਸ ਦੀ ਦੂਜੀ ਪਸੰਦ ਹਾਂ। ਉਹ ਆਪਣੀ ਸੰਸਥਾ ਦੇ ਕੰਮ ਅਤੇ ਧਰਮ ਪ੍ਰਚਾਰ ਨੂੰ ਪਹਿਲ ਦਿੰਦਾ ਹੈ। ਧਰਮ ਅਤੇ ਪੰਜਾਬ ਦੇ ਲੋਕਾਂ ਲਈ ਆਵਾਜ਼ ਬੁਲੰਦ ਕਰਦਾ ਰਿਹਾ ਹੈ। ਉਹ ਆਪਣੀਆਂ ਵੀਡੀਓਜ਼ ਸੋਸ਼ਲ ਮੀਡੀਆ ‘ਤੇ ਪਾ ਦਿੰਦਾ ਸੀ, ਜਿਨ੍ਹਾਂ ਨੂੰ ਮੈਂ ਦੇਖਿਆ ਅਤੇ ਸੁਣਿਆ।ਸੋਸ਼ਲ ਮੀਡੀਆ ਰਾਹੀਂ ਹੀ ਮੈਂ ਉਸ ਦੇ ਸੰਪਰਕ ਵਿੱਚ ਆਈ ਪਰ ਉਦੋਂ ਮੈਨੂੰ ਪਤਾ ਨਹੀਂ ਸੀ ਕਿ ਅਸੀਂ ਵਿਆਹ ਕਰਾ ਲਵਾਂਗੇ।ਕਿਰਨਦੀਪ ਕੌਰ ਨੇ ਦੱਸਿਆ ਕਿ ਮੈਂ ਉਸ ਨੂੰ ਪਹਿਲੀ ਵਾਰ ਇੰਸਟਾਗ੍ਰਾਮ ‘ਤੇ ਮਿਲੀ ਸੀ। ਮੈਂ ਉਸ ਦੀਆਂ ਪੋਸਟਾਂ ਅਤੇ ਵੀਡੀਓ ਦੇਖਦੀ ਸੀ ਪਰ ਕਦੇ ਸ਼ੇਅਰ ਨਹੀਂ ਕੀਤਾ। ਮੈਂ ਅਧਿਆਤਮਕ ਸੋਚ ਵਾਲੀ ਹਾਂ। ਮੈਂ ਨਾਨ-ਵੈਜ ਨਹੀਂ ਖਾਂਦੀ ਅਤੇ ਨਾ ਹੀ ਸ਼ਰਾਬ ਪੀਂਦੀ ਹਾਂ। ਅੰਮ੍ਰਿਤਪਾਲ ਨੂੰ ਮੇਰੀਆਂ ਇਹ ਗੱਲਾਂ ਬਹੁਤ ਪਸੰਦ ਆਈਆਂ। ਹਾਲਾਂਕਿ ਮੈਂ ਅੰਮ੍ਰਿਤਪਾਲ ਵਰਗੀ ਧਾਰਮਿਕ ਨਹੀਂ ਹਾਂ। ਫਿਰ ਵੀ ਉਸਨੇ ਮੇਰੇ ਨਾਲ ਵਿਆਹ ਕਰਵਾ ਲਿਆ। ਮੇਰੇ ਪਰਿਵਾਰ ਨੇ ਕਦੇ ਇਸ ਦਾ ਵਿਰੋਧ ਨਹੀਂ ਕੀਤਾ।ਕਿਰਨਦੀਪ ਨੇ ਦੱਸਿਆ ਕਿ ਉਸ ਦੇ ਦਾਦਾ ਜੀ 1951 ਵਿੱਚ ਯੂ.ਕੇ. ਚਲੇ ਗਏ ਸੀ।ਉਦੋਂ ਤੋਂ ਉਨ੍ਹਾਂ ਦਾ ਪਰਿਵਾਰ ਉਥੇ ਰਹਿ ਰਿਹਾ ਹੈ। ਉਸਨੇ ਕਿਹਾ ਕਿ ਮੇਰਾ ਪਰਿਵਾਰ ਸਿੱਖ ਪ੍ਰਚਾਰਕਾਂ ਦਾ ਪਰਿਵਾਰ ਨਹੀਂ ਹੈ। ਹੋਰ ਸਿੱਖ ਪਰਿਵਾਰਾਂ ਵਾਂਗ ਉਹ ਵੀ ਯੂ.ਕੇ. ਦੇ ਗੁਰਦੁਆਰਾ ਸਾਹਿਬ ਵਿਖੇ ਜਾਂਦੀ ਹੁੰਦੀ ਸੀ। ਮੈਂ 12 ਸਾਲ ਦੀ ਉਮਰ ਵਿੱਚ ਗੁਰਦੁਆਰਾ ਸਾਹਿਬ ਜਾਣਾ ਸ਼ੁਰੂ ਕਰ ਦਿੱਤਾ। ਮੈਂ ਅੰਮ੍ਰਿਤਪਾਲ ਨਾਲ ਕਿਸੇ ਪ੍ਰੋਗਰਾਮ ਵਿੱਚ ਨਹੀਂ ਗਈ ਅਤੇ ਨਾ ਹੀ ਅੰਮ੍ਰਿਤਪਾਲ ਮੈਨੂੰ ਲੈ ਕੇ ਜਾਣਾ ਚਾਹੁੰਦਾ ਸੀ। ਉਹ ਚਾਹੁੰਦਾ ਸੀ ਕਿ ਕੋਈ ਵੀ ਮੈਨੂੰ ਅੰਮ੍ਰਿਤਪਾਲ ਦੇ ਨਾਂ ਨਾਲ ਜੋੜ ਕੇ ਨਾ ਪਹਿਚਾਣੇ, ਜਿਸ ਨਾਲ ਭਵਿੱਖ ਵਿੱਚ ਕੋਈ ਸਮੱਸਿਆ ਨਾ ਆਵੇ।ਅਸੀਂ ਇਹ ਫੈਸਲਾ ਵੀ ਨਹੀਂ ਕੀਤਾ ਸੀ ਕਿ ਅਸੀਂ ਹਮੇਸ਼ਾ ਪੰਜਾਬ ਵਿੱਚ ਹੀ ਰਹਾਂਗੇ।ਮੇਰੇ ਨਾਲ ਜੋ ਵੀ ਗੈਰ ਕਾਨੂੰਨੀ ਜੋੜਿਆ ਜਾ ਰਿਹਾ ਹੈ, ਉਹ ਸਾਰੇ ਦੋਸ਼ ਗਲਤ ਹਨ। ਮੈਂ ਇੱਥੇ ਦੋ ਮਹੀਨਿਆਂ ਤੋਂ ਰਹਿ ਰਹੀ ਹਾਂ। ਮੈਂ ਕੋਈ ਗੈਰ-ਕਾਨੂੰਨੀ ਕੰਮ ਨਹੀਂ ਕੀਤਾ। ਹੁਣ ਇਹ ਮੇਰਾ ਘਰ ਹੈ। ਛੇ ਮਹੀਨਿਆਂ ਬਾਅਦ ਮੈਂ ਯੂ.ਕੇ. ਜਾਵਾਂਗੀ।ਜੇਕਰ ਅੰਮ੍ਰਿਤਪਾਲ ਵੀ ਚੱਲੇਗਾ ਤਾਂ ਠੀਕ ਹੈ, ਨਹੀਂ ਤਾਂ ਮੈਂ ਭਾਰਤ ਵਾਪਸ ਆ ਜਾਵਾਂਗੀ, ਜਿਸ ਨੂੰ ਅੰਮ੍ਰਿਤਪਾਲ ਘਰ ਵਾਪਸੀ ਕਹਿੰਦਾ ਹੈ, ਅਸੀਂ ਉਸ ਨੂੰ ਸਹੀ ਸਾਬਤ ਕਰਾਂਗੇ।

## ਭਾਜਪਾ ਚੋਣਾਂ ’ਚ ਜਿੱਤਦੀ ਜਾਵੇਗੀ ਤੇ ਵਿਰੋਧੀਆਂ ਦੇ ਹਮਲੇ ਵਧਦੇ ਜਾਣਗੇ:ਮੋਦੀ

ਨਵੀਂ ਦਿੱਲੀ:-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੀ ਸਰਕਾਰ ’ਤੇ ਵਿਰੋਧੀ ਧਿਰ ਦੇ ਹਮਲਿਆਂ ਨੂੰ ਭਾਜਪਾ ਦੇ ਸ਼ਾਨਦਾਰ ਚੋਣ ਪ੍ਰਦਰਸ਼ਨ ਨਾਲ ਜੋੜਦਿਆਂ ਕਿਹਾ ਕਿ ਸੱਤਾਧਾਰੀ ਪਾਰਟੀ ਚੋਣਾਂ ‘ਚ ਜਿੰਨਾਂ ਜਿੱਤੇਗੀ, ਓਨਾ ਹੀ ਉਸ ਨੂੰ ਨਿਸ਼ਾਨਾ ਬਣਾਇਆ ਜਾਵੇਗਾ। ਭਾਜਪਾ ਸੰਸਦੀ ਦਲ ਦੀ ਬੈਠਕ ‘ਚ ਸ੍ਰੀ ਮੋਦੀ ਨੇ ਕਈ ਮਾਮਲਿਆਂ ‘ਤੇ ਸਰਕਾਰ ਖਿਲਾਫ ਮੋਰਚਾ ਖੋਲ੍ਹਣ ਵਾਲੀਆਂ ਵਿਰੋਧੀ ਪਾਰਟੀਆਂ ‘ਤੇ ਨਿਸ਼ਾਨਾ ਸਾਧਿਆ। ਮੀਟਿੰਗ ਵਿੱਚ ਉਨ੍ਹਾਂ ਨੇ ਸੰਸਦ ਮੈਂਬਰਾਂ ਨੂੰ 6 ਅਪਰੈਲ ਨੂੰ ਪਾਰਟੀ ਦੇ ਸਥਾਪਨਾ ਦਿਵਸ ਅਤੇ 14 ਅਪਰੈਲ ਨੂੰ ਬੀਆਰ ਅੰਬੇਡਕਰ ਜਯੰਤੀ ਦੇ ਵਿਚਕਾਰ ਦਾ ਸਮਾਂ ਸਮਾਜਿਕ ਨਿਆਂ ਲਈ ਸਮਰਪਿਤ ਕਰਨ ਲਈ ਕਿਹਾ।







# ਗਊ ਹੱਤਿਆ ਦੇ ਦੋਸ਼ ਵਿਚ ਦੋ ਮੁਸਲਿਮ ਔਰਤਾਂ ਦੀ ਗ੍ਰਿਫ਼ਤਾਰੀ ਕਾਰਨ ਦਹਿਸ਼ਤ

ਆਜ਼ਮਗੜ੍ਹ,- ਆਜ਼ਮਗੜ੍ਹ ਜ਼ਿਲ੍ਹੇ ਦੀ ਮੇਹਨਨਗਰ ਤਹਿਸੀਲ ਦੇ ਪਿੰਡ ਕਤਰਾਨ ਵਿੱਚ 25 ਮਾਰਚ ਦੀ ਰਾਤ ਨੂੰ ਦੋ ਮੁਸਲਿਮ ਔਰਤਾਂ ਸਮੇਤ ਪੰਜ ਵਿਅਕਤੀਆਂ ਦੀ ਗ੍ਰਿਫ਼ਤਾਰੀ ਕਾਰਨ ਹਫੜਾ-ਦਫੜੀ ਦਾ ਮਾਹੌਲ ਹੈ।

ਗਊ ਹੱਤਿਆ ਦੇ ਦੋਸ਼ 'ਚ ਸਥਾਨਕ ਪੁਲਿਸ ਨੇ ਪਿੰਡ ਕਤਰਾਨ ਦੀਆਂ ਦੋ ਲੜਕੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਵੇਂ ਔਰਤਾਂ ਦੀ ਉਮਰ ਕ੍ਰਮਵਾਰ 17 ਅਤੇ 18 ਸਾਲ ਦੱਸੀ ਜਾਂਦੀ ਹੈ। ਪੁਲੀਸ ਨੇ ਮੁਲਜ਼ਮਾਂ ਕੋਲੋਂ ਤਾਜ਼ਾ ਮੀਟ ਅਤੇ ਕੁਝ ਸਾਮਾਨ ਬਰਾਮਦ ਕੀਤਾ ਹੈ। ਇਸ ਘਟਨਾ ਤੋਂ ਬਾਅਦ ਪੂਰੇ ਪਿੰਡ ਵਿੱਚ ਡਰ ਦੀ ਲਹਿਰ ਹੈ ਅਤੇ ਕੁਝ ਪਿੰਡ ਵਾਸੀ ਪਿੰਡ ਛੱਡ ਕੇ ਭੱਜ ਗਏ ਹਨ।

ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਇਕ ਵਿਅਕਤੀ ਨੇ ਕਿਹਾ, "ਅਸੀਂ ਈਸ਼ਾ ਦੀ ਨਮਾਜ਼ ਤੋਂ ਬਾਅਦ ਤਰਾਵੀਹ (ਰਮਜ਼ਾਨ ਦੀ ਨਮਾਜ਼) ਵਿਚ ਰੁੱਝੇ ਹੋਏ ਸੀ ਜਦੋਂ 15 ਪੁਲਿਸ ਕਰਮਚਾਰੀਆਂ ਦੀ ਟੀਮ ਨੇ ਛਾਪਾ ਮਾਰਿਆ ਅਤੇ ਮੌਕੇ 'ਤੇ ਮੌਜੂਦ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਨੇ ਔਰਤਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ। ਇਹ ਮੁੱਦਾ ਬਹੁਤ ਸੰਵੇਦਨਸ਼ੀਲ ਹੈ ਕਿਉਂਕਿ ਇਸ ਵਿੱਚ ਮੁਸਲਿਮ ਔਰਤਾਂ ਦੀ ਗ੍ਰਿਫਤਾਰੀ ਸ਼ਾਮਲ ਹੈ।



## ਵਾਸ਼ਿੰਗਟਨ 'ਚ ਭਾਰਤੀ ਦੂਤਘਰ ਦੇ ਸਾਹਮਣੇ ਸਿੱਖਾਂ ਵੱਲੋਂ ਪ੍ਰਦਰਸ਼ਨ




ਵਾਸ਼ਿੰਗਟਨ- ਭਾਰਤੀ ਦੂਤਘਰ ਦੇ ਸਾਹਮਣੇ ਅੰਮ੍ਰਿਤਪਾਲ ਸਿੰਘ ਦੇ ਮਾਮਲੇ 'ਤੇ ਇਕੱਠੇ ਹੋ ਕੇ ਸਿੱਖਾਂ ਨੇ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਅਲਰਟ ਅਮਰੀਕੀ ਗੁਪਤ ਸੇਵਾ ਤੇ ਸਥਾਨਕ ਪੁਲਿਸ ਮੌਕੇ 'ਤੇ ਤਾਇਨਾਤ ਸੀ। ਵਾਸ਼ਿੰਗਟਨ ਡੀ.ਸੀ. 'ਚ ਭਾਰਤੀ ਦੂਤਘਰ ਦੇ ਬਾਹਰ ਇਕੱਠੇ ਹੋਏ ਸਿੱਖਾਂ ਨੇ ਅਮਰੀਕਾ 'ਚ ਭਾਰਤੀ ਰਾਜਦੂਤ ਤਰਨਜੀਤ ਸਿੰਘ ਸੰਧੂ ਵਿਰੁੱਧ ਵੀ ਪ੍ਰਦਰਸ਼ਨ ਕੀਤਾ। ਇਸ ਸਮੇਂ ਸੰਧੂ ਦੂਤਘਰ 'ਚ ਨਹੀਂ ਸਨ। ਗੁਪਤ ਸੇਵਾ ਦੇ ਕਰਮਚਾਰੀ ਤੇ ਪੁਲਿਸ ਨੇ ਸਥਿਤੀ ਨੂੰ ਵੇਖਦਿਆਂ ਤੁਰੰਤ ਹੋਰ ਸੁਰੱਖਿਆ ਕਰਮੀ ਬੁਲਾਏ ਤੇ ਮਾਹੌਲ ਨੂੰ ਸ਼ਾਂਤਮਈ ਬਣਾਇਆ। ਕੁਝ ਪ੍ਰਦਰਸ਼ਨਕਾਰੀਆਂ ਨੇ ਤੇਜ਼ੀ ਨਾਲ ਸੜਕ ਪਾਰ ਕੀਤੀ ਤੇ ਦੂਤਘਰ ਦੇ ਕਾਫੀ ਕੋਲ ਪੁੱਜ ਗਏ। ਪੁਲਿਸ ਨੇ ਤੁਰੰਤ ਸਥਿਤੀ ਸੰਭਾਲਦਿਆਂ ਇਨ੍ਹਾਂ ਨੂੰ ਵਾਪਸ ਮੋੜ ਦਿੱਤਾ। ਭਾਰਤੀ ਪੱਤਰਕਾਰ ਲਲਿਤ ਝਾਅ ਨੇ ਵਾਸ਼ਿੰਗਟਨ 'ਚ ਉਸ ਉਪਰ ਹਮਲਾ ਕਰਨ ਦੇ ਦੋਸ਼ ਲਗਾਏ ਤੇ ਕਿਹਾ ਕਿ ਉਸ ਦੇ ਨਾਲ ਦੁਰਵਿਵਹਾਰ ਕੀਤਾ ਗਿਆ। ਲਲਿਤ ਝਾਅ ਨੇ ਕਿਹਾ ਕਿ ਉਹ ਵਿਰੋਧ ਪ੍ਰਦਰਸ਼ਨ ਦੀ ਕਵਰੇਜ ਕਰ ਰਹੇ ਸਨ ਤਾਂ ਇਸੇ ਦੌਰਾਨ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਕਿਸੇ ਉਸਦੇ ਖੱਬੇ ਕੰਨ 'ਤੇ ਦੋ ਡੰਡੇ ਮਾਰੇ। ਵਾਸ਼ਿੰਗਟਨ 'ਚ ਭਾਰਤੀ ਦੂਤਾਵਾਸ ਨੇ ਕਿਹਾ ਕਿ ਅਸੀਂ ਇਕ ਸੀਨੀਅਰ ਪੱਤਰਕਾਰ 'ਤੇ ਇਸ ਤਰ੍ਹਾਂ ਦੇ ਗੰਭੀਰ ਤੇ ਅਣਉਚਿਤ ਹਮਲੇ ਦੀ ਨਿੰਦਾ ਕਰਦੇ ਹਾਂ।

## ਆਸਾਮ ਦੇ ਨੌਜਵਾਨ ਹੋ ਰਹੇ ਹਨ ਜਥੇਬੰਦੀ ਉਲਫਾ 'ਚ ਸ਼ਾਮਲ

ਗੁਹਾਟੀ-ਭਾਰਤ ਦੇ ਆਸਾਮ ਰਾਜ ਦੇ ਤਿੰਨ ਵਿਅਕਤੀ ਤਾਮਿਲਨਾਡੂ ਵਿਚ ਲਾਪਤਾ ਹੋ ਗਏ ਹਨ, ਜਿਨ੍ਹਾਂ ਦੇ ਮਾਪਿਆਂ ਨੂੰ ਸ਼ੱਕ ਹੈ ਕਿ ਉਹ ਯੂਨਾਈਟਿਡ ਲਿਬਰੇਸ਼ਨ ਫਰੰਟ ਆਫ ਅਸਾਮ-ਇੰਡੀਪੈਂਡੈਂਟ (ਉਲਫਾ-1) ਵਿਚ ਸ਼ਾਮਲ ਹੋ ਗਏ ਹਨ, ਜੋ ਕਿ ਭਾਰਤ ਤੋਂ ਅਸਾਮ ਦੀ ਮੁਕਤੀ ਲਈ ਲੜ ਰਹੇ ਸਨ। ਅਸਾਮ ਰਾਜ ਤੋਂ ਬਾਹਰ ਚੰਗੀਆਂ ਨੌਕਰੀਆਂ ਦੀ ਭਾਲ ਕਰਨਾ ਇਨ੍ਹੀਂ ਦਿਨੀਂ ਇੱਕ ਡਰਾਉਣੇ ਸੁਪਨੇ ਵਿੱਚ ਬਦਲ ਗਿਆ ਹੈ। ਇਸ ਤੋਂ ਪਹਿਲਾਂ ਅਸਾਮ ਦੇ ਤਿਨਸੁਕੀਆ ਤੋਂ ਦੋ ਵਿਅਕਤੀ ਨੌਕਰੀ ਲਈ ਕੇਰਲਾ ਜਾਣ ਤੋਂ ਬਾਅਦ ਲਾਪਤਾ ਹੋ ਗਏ ਸਨ। ਪਹਿਲਾਂ ਵੀ ਅਜਿਹੀਆਂ ਰਿਪੋਰਟਾਂ ਆਈਆਂ ਸਨ ਕਿ ਆਸਾਮ ਦੇ ਨੌਜਵਾਨ ਯੂਨਾਈਟਿਡ ਲਿਬਰੇਸ਼ਨ ਫਰੰਟ ਆਫ ਅਸਾਮ-ਇੰਡੀਪੈਂਡੈਂਟ (ਉਲਫਾ-ਆਈ) ਵਿੱਚ ਸ਼ਾਮਲ ਹੋ ਰਹੇ ਹਨ ਜਿਸਦੀ ਮੁੱਖ ਮੰਗ ਅਸਾਮ ਦੀ ਪ੍ਰਭੂਸੱਤਾ ਹੈ।

SUPER SANDHU

ਕਲਾਸ 4 ਡਰਾਈਵਰਾਂ ਦੀ ਲੋੜ

ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।

ਸਾਡੇ ਨਾਲ ਅੱਜ ਹੀ ਸੰਪਰਕ ਕਰੋ

Gary Varing: 604-807-3910 | Charlie Sandhu: 604-864-7711

TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers
*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

## ਪੁਲਿਸ ਛਾਪੇਮਾਰੀ ਕਾਰਨ ਰੂਪੋਸ਼ ਹੋਏ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਭਾਈ ਭੁਪਿੰਦਰ ਸਿੰਘ ਦੇ ਹੱਕ 'ਚ ਡਟੀਆਂ ਪੰਥਕ ਜਥੇਬੰਦੀਆਂ

# ਪੁਲਿਸ ਨੇ ਦੋਵਾਂ ਦੇ ਪਰਿਵਾਰਾਂ ਨੂੰ ਧਮਕਾਇਆ ਅਤੇ ਫੇਸਬੁੱਕ-ਟਵਿੱਟਰ ਖਾਤੇ ਕੀਤੇ ਬੰਦ



ਅੰਮ੍ਰਿਤਸਰ: ਵਾਰਿਸ ਪੰਜਾਬ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਅਤੇ ਉਹਨਾਂ ਦੇ ਜਥੇ ਉੱਤੇ ਹੋਈ ਪੁਲਿਸ ਕਾਰਵਾਈ ਤੋਂ ਬਾਅਦ ਅਨੇਕਾਂ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਅਤੇ ਘਰਾਂ ਵਿੱਚ ਨਜ਼ਰਬੰਦ ਕੀਤਾ ਗਿਆ ਸੀ ਤੇ ਕਈ ਅਜੇ ਤੱਕ ਫਰਾਰ ਹਨ। ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਕੌਮੀ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਸੀਨੀਅਰ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਦੇ ਘਰ ਤੇ ਉਹਨਾਂ ਦੇ ਰਿਸ਼ਤੇਦਾਰਾਂ ਦੇ ਘਰਾਂ 'ਚ ਤੇ ਕਈ ਹੋਰ ਥਾਈਂ ਵੀ 19 ਮਾਰਚ ਤੋਂ ਪੁਲਿਸ ਛਾਪੇਮਾਰੀ ਹੁੰਦੀ ਰਹੀ ਜਿਸ ਕਾਰਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਭਾਈ ਭੁਪਿੰਦਰ ਸਿੰਘ ਜੋ ਪਿਛਲੇ ਦਸ ਦਿਨਾਂ ਤੋਂ ਰੂਪੋਸ਼ ਸਨ ਜਿਨ੍ਹਾਂ ਦੇ ਹੱਕ ਵਿੱਚ ਪੰਥਕ ਜਥੇਬੰਦੀਆਂ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ, ਜਥਾ ਸਿਰਲੱਥ ਖ਼ਾਲਸਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਤੇ ਸਿੱਖ ਤਾਲਮੇਲ ਕਮੇਟੀ ਆਦਿਕ ਨੇ ਅਵਾਜ਼ ਬੁਲੰਦ ਕੀਤੀ ਹੈ।

ਬੀਤੇ ਕੱਲ੍ਹ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਭਾਈ ਭੁਪਿੰਦਰ ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸਰਦਾਰ ਸਿਮਰਨਜੀਤ ਸਿੰਘ ਮਾਨ ਨੂੰ ਸਵੇਰੇ ਮਿਲ ਕੇ ਸਾਰਾ ਮਾਮਲਾ ਉਹਨਾਂ ਦੇ ਧਿਆਨ ਹਿੱਤ ਲਿਆਂਦਾ ਜਿਸ ਦੀ ਸਿਮਰਨਜੀਤ ਸਿੰਘ ਮਾਨ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਤੇ ਉਹਨਾਂ ਦੇ ਜਨਰਲ ਸਕੱਤਰ ਭਾਈ ਹਰਪਾਲ ਸਿੰਘ ਬਲੇਰ ਅਤੇ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਸਾਬਕਾ ਪ੍ਰਧਾਨ ਭਾਈ ਬਲਵੰਤ ਸਿੰਘ ਗੋਪਾਲਾ ਨੇ ਪੁਲਿਸ ਪ੍ਰਸ਼ਾਸਨ ਨਾਲ ਗੱਲਬਾਤ ਵੀ ਕੀਤੀ।

ਫਿਰ ਸ਼ਾਮ ਨੂੰ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਦੇ ਮੁਖੀ ਪ੍ਰੋਫੈਸਰ ਬਲਜਿੰਦਰ ਸਿੰਘ ਅਤੇ ਜਥਾ ਸਿਰਲੱਥ ਖ਼ਾਲਸਾ ਦੇ ਜਥੇਦਾਰ ਭਾਈ ਦਿਲਬਾਗ ਸਿੰਘ ਸੁਲਤਾਨਵਿੰਡ ਤੇ ਹੋਰ ਆਗੂਆਂ ਵੱਲੋਂ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਭਾਈ ਭੁਪਿੰਦਰ ਸਿੰਘ ਨੂੰ ਨਾਲ ਲੈ ਕੇ ਅੰਮ੍ਰਿਤਸਰ ਦੇ ਡਿਪਟੀ ਪੁਲਿਸ ਕਮਿਸ਼ਨਰ ਪਰਮਿੰਦਰ ਸਿੰਘ ਭੰਡਾਲ ਨਾਲ ਮੁਲਾਕਾਤ ਕਰਕੇ ਕਿਹਾ ਕਿ ਇਹਨਾਂ ਨੌਜਵਾਨਾਂ ਨੂੰ ਬਿਨ੍ਹਾਂ ਵਜ੍ਹਾ ਤੰਗ ਪ੍ਰੇਸ਼ਾਨ ਨਾ ਕੀਤਾ ਜਾਵੇ ਜੇ ਇਹ ਕਿਸੇ ਕੇਸ ਵਿੱਚ ਲੋੜੀਂਦੇ ਹਨ ਤਾਂ ਸਾਨੂੰ ਜਾਣਕਾਰੀ ਦਿੱਤੀ ਜਾਵੇ। ਡੀਸੀਪੀ ਨੇ ਵਿਸ਼ਵਾਸ ਦਿਵਾਇਆ ਕਿ ਹੁਣ ਇਹਨਾਂ ਦੇ ਘਰਾਂ ਵਿੱਚ ਪੁਲਿਸ ਛਾਪੇਮਾਰੀ ਨਹੀਂ ਹੋਵੇਗੀ ਤੇ ਜੇਕਰ ਲੋੜ ਪਈ ਤਾਂ ਪੁੱਛਗਿੱਛ ਲਈ ਬੁਲਾ ਲਿਆ ਜਾਵੇਗਾ। ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਡਿਪਟੀ ਪੁਲਿਸ ਕਮਿਸ਼ਨਰ ਨੂੰ ਦੱਸਿਆ ਕਿ ਪੁਲਿਸ ਵੱਲੋਂ ਅੰਮ੍ਰਿਤਸਰ 'ਚ ਉਹਨਾਂ ਦੇ ਮਾਤਾ ਪਿਤਾ ਅਤੇ ਜਿਲ੍ਹਾ ਹੁਸ਼ਿਆਰਪੁਰ ਵਿੱਚ ਹੋਈ ਛਾਪੇਮਾਰੀ ਦੌਰਾਨ ਉਹਨਾਂ ਦੀ ਸਿੰਘਣੀ ਬੀਬਾ ਕਮਲਜੀਤ ਕੌਰ ਨਿਹੰਗ ਅਤੇ ਸਹੁਰਾ ਜਥੇਦਾਰ ਭਾਈ ਜਗਜੀਤ ਸਿੰਘ ਨਿਹੰਗ ਨੂੰ ਵੀ ਧਮਕਾਇਆ ਗਿਆ ਸੀ ਤੇ ਕਮਲਜੀਤ ਕੌਰ ਨਿਹੰਗ ਨੂੰ ਤਾਂ ਥਾਣੇ ਲਿਜਾਣ ਦੀ ਗੱਲ ਵੀ ਕਹੀ ਗਈ ਤੇ ਡੇਢ ਕੁ ਸਾਲਾਂ ਦੇ ਭੁਝੰਗੀ ਗੁਰਬਾਜ ਸਿੰਘ ਨੂੰ ਵੀ ਦਬਕੇ ਮਾਰੇ ਗਏ।

ਪੁਲਿਸ ਪ੍ਰਸ਼ਾਸਨ ਨਾਲ ਪੰਥਕ ਜਥੇਬੰਦੀਆਂ ਦੀ ਹੋਈ ਮੁਲਾਕਾਤ ਤੋਂ ਬਾਅਦ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਭਾਈ ਭੁਪਿੰਦਰ ਸਿੰਘ ਛੇ ਜੂਨ ਆਪਣੇ ਘਰਾਂ 'ਚ ਵਾਪਸ ਆ ਗਏ ਹਨ।

ਉਹਨਾਂ ਦੱਸਿਆ ਕਿ ਭਾਰਤ ਸਰਕਾਰ ਨੇ ਉਹਨਾਂ ਦੇ ਫੇਸਬੁੱਕ ਅਤੇ ਟਵਿੱਟਰ ਖਾਤੇ ਵੀ ਬੰਦ ਕਰ ਦਿੱਤੇ ਹਨ।

# ਅਰੁਣਾਚਲ ਪ੍ਰਦੇਸ਼ ਵਿਚ ਜੀ-20 ਬੈਠਕ ਤੋਂ ਚੀਨ ਦੂਰ ਰਿਹਾ

ਨਵੀਂ ਦਿੱਲੀ- ਚੀਨ ਨੇ ਭਾਰਤੀ ਰਾਜ ਅਰੁਣਾਚਲ ਪ੍ਰਦੇਸ਼ ਵਿੱਚ ਆਯੋਜਿਤ ਜੀ-20 ਬੈਠਕ ਵਿੱਚ ਹਿੱਸਾ ਨਹੀਂ ਲਿਆ, ਜਿਸ ਨੂੰ ਬੀਜਿੰਗ ਆਪਣਾ ਹਿੱਸਾ ਹੋਣ ਦਾ ਦਾਅਵਾ ਕਰਦਾ ਹੈ।

ਭਾਰਤੀ ਅਧਿਕਾਰਤ ਸੂਤਰਾਂ ਦਾ ਦਾਅਵਾ ਹੈ ਕਿ ਜੀ-20 ਰਿਸਰਚ ਇਨੋਵੇਸ਼ਨ ਇਨੀਸ਼ੀਏਟਿਵ ਗੈਦਰਿੰਗ ਵਿੱਚ ਹਿੱਸਾ ਲੈਣ ਵਾਲੇ ਅਮਰੀਕਾ ਤੋਂ ਆਏ ਡੈਲੀਗੇਟਾਂ ਨੇ ਰਾਜ ਦੇ ਈਟਾਨਗਰ ਸ਼ਹਿਰ ਵਿੱਚ ਸਥਾਨਕ ਵਿਧਾਨ ਸਭਾ ਦਾ ਦੌਰਾ ਵੀ ਕੀਤਾ।

ਚੀਨ ਅਰੁਣਾਚਲ 'ਤੇ ਭਾਰਤ ਦੀ ਪ੍ਰਭੂਸੱਤਾ ਨੂੰ ਮਾਨਤਾ ਨਹੀਂ ਦਿੰਦਾ ਅਤੇ ਕਿਹਾ ਕਿ ਇਹ ਰਾਜ ਦੱਖਣੀ ਤਿੱਬਤ ਦਾ ਹਿੱਸਾ ਹੈ।ਦੱਸਿਆ ਜਾਂਦਾ ਹੈ ਕਿ ਭਾਰਤ ਵਲੋਂ ਮਈ 'ਚ ਭਾਰਤ ਦੇ ਕਬਜ਼ੇ ਵਾਲੇ ਜੰਮੂ-ਕਸ਼ਮੀਰ 'ਚ ਸੱਭਿਆਚਾਰ 'ਤੇ ਜੀ-20 ਬੈਠਕ ਦੀ ਮੇਜ਼ਬਾਨੀ ਕਰ ਰਿਹਾ ਹੈ।

ਪਾਕਿਸਤਾਨ ਅਤੇ ਮਕਬੂਜ਼ਾ ਜੰਮੂ ਅਤੇ ਕਸ਼ਮੀਰ ਦੇ ਲੋਕ ਚੀਨ, ਤੁਰਕੀ ਅਤੇ ਸਾਊਦੀ ਅਰਬ - ਸਾਰੇ ਜੀ-20 ਮੈਂਬਰ-ਰਾਜਾਂ - ਨੂੰ ਭਾਰਤ ਦੇ ਸ਼੍ਰੀਨਗਰ ਵਿੱਚ ਪ੍ਰਸਤਾਵਿਤ ਬੈਠਕ ਦੀ ਮੇਜ਼ਬਾਨੀ ਕਰਨ ਤੋਂ ਰੋਕਣ ਲਈ ਲਾਬਿੰਗ ਕਰ ਰਹੇ ਹਨ ਕਿਉਂਕਿ ਸੰਯੁਕਤ ਰਾਸ਼ਟਰ ਦੇ ਪ੍ਰਸਤਾਵਾਂ ਅਨੁਸਾਰ ਜੰਮੂ ਅਤੇ ਕਸ਼ਮੀਰ ਇੱਕ ਵਿਵਾਦਿਤ ਖੇਤਰ ਹੈ।ਭਾਰਤ ਨੇ ਜੰਮੂ ਅਤੇ ਕਸ਼ਮੀਰ ਦੇ ਲੋਕਾਂ ਦੇ ਸਾਰੇ ਅਧਿਕਾਰਾਂ 'ਤੇ ਰੋਕ ਲਗਾ ਦਿੱਤੀ ਹੈ ਅਤੇ ਉਨ੍ਹਾਂ ਨੂੰ ਖੋਹ ਲਿਆ ਹੈ ਜਦੋਂ ਕਿ ਹਜ਼ਾਰਾਂ ਕਸ਼ਮੀਰੀ ਲੀਡਰਸ਼ਿਪ, ਨੌਜਵਾਨਾਂ, ਔਰਤਾਂ, ਪੱਤਰਕਾਰਾਂ ਅਤੇ ਮਨੁੱਖੀ ਅਧਿਕਾਰਾਂ ਦੇ ਰਾਖਿਆਂ ਸਮੇਤ ਭਾਰਤ ਅਤੇ ਆਈਆਈਓਜੇਕੇ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਗੈਰ-ਕਾਨੂੰਨੀ ਤੌਰ 'ਤੇ ਨਜ਼ਰਬੰਦ ਹਨ।







# ਜਿੰਨੇ ਭਾਈ ਅਮ੍ਰਿਤਪਾਲ ਸਿੰਘ ਤੇ ਕੇਸ ਪਾ ਦਿੱਤੇ ਸਾਰੀ ਉਮਰ ਜੇਲ੍ਹ 'ਚੋਂ ਬਾਹਰ ਨਹੀਂ ਆ ਸਕਦਾ ਭਾਈ ਅੰਮ੍ਰਿਤਪਾਲ ਸਿੰਘ ਖਿਲਾਫ਼ ਹੁਣ ਤੱਕ ਕਿਹੜੇ-ਕਿਹੜੇ ਕੇਸ ਦਰਜ ਕੀਤੇ? ਕਿੰਨੀ ਸਜ਼ਾ ਹੋ ਸਕਦੀ ਹੈ?

ਚੰਡੀਗੜ੍ਹ (ਅਰਵਿੰਦ ਛਾਬੜਾ) ਪੰਜਾਬ ਪੁਲਿਸ ਵੱਲੋਂ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅਮ੍ਰਿਤਪਾਲ ਸਿੰਘ ਅਤੇ ਉਹਨਾਂ ਦੇ 5 ਸਾਥੀਆਂ ਖਿਲਾਫ਼ ਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨਐੱਸਏ) ਲਗਾਇਆ ਗਿਆ ਹੈ।"ਅਮ੍ਰਿਤਪਾਲ ਨੂੰ ਗ੍ਰਿਫ਼ਤਾਰ ਕਰਨ ਦੀ ਮੁਹਿੰਮ ਸ਼ੁਰੂ ਹੋਣ ਤੋਂ ਬਾਅਦ ਵੀ ਉਨ੍ਹਾਂ ਉੱਤੇ ਮਾਮਲੇ ਦਰਜ ਕੀਤੇ ਗਏ ਹਨ।

ਅਮ੍ਰਿਤਪਾਲ ਖ਼ਿਲਾਫ਼ ਪਹਿਲਾ ਕੇਸ 16 ਫਰਵਰੀ ਨੂੰ ਦਰਜ ਕੀਤਾ ਗਿਆ ਸੀ।ਇਹ ਚਮਕੌਰ ਸਾਹਿਬ ਦੇ ਰਹਿਣ ਵਾਲੇ ਵਰਿੰਦਰ ਸਿੰਘ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਸੀ।ਉਸ ਨੇ ਇਲਜ਼ਾਮ ਲਗਾਇਆ ਸੀ ਕਿ ਅਮ੍ਰਿਤਪਾਲ ਅਤੇ ਉਸ ਦੇ ਸਮਰਥਕਾਂ ਨੇ ਉਸ ਨੂੰ ਦਮਦਮੀ ਟਕਸਾਲ ਦੇ ਬਾਹਰੋਂ ਅਜਨਾਲਾ ਵਿੱਚ ਅਗਵਾ ਕਰ ਲਿਆ।

ਵਰਿੰਦਰ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਉਸਨੂੰ ਇੱਕ ਐਸਯੂਵੀ ਵਿੱਚ ਅਗਵਾ ਕੀਤਾ ਗਿਆ ਸੀ। ਮੁਲਜ਼ਮ ਉਸ ਨੂੰ ਜੰਡਿਆਲਾ ਗੁਰੂ ਵਿੱਚ ਇੱਕ ਟਿਊਬਵੈੱਲ 'ਤੇ ਲੈ ਗਏ ਜਿੱਥੇ ਉਸ ਦੀ ਕੁੱਟਮਾਰ ਕੀਤੀ ਗਈ। ਉਨ੍ਹਾਂ ਕਥਿਤ ਤੌਰ 'ਤੇ ਪੁਲਿਸ ਕੋਲ ਸ਼ਿਕਾਇਤ ਕਰਨ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ।

ਅਜਨਾਲਾ ਪੁਲਿਸ ਨੇ ਧਾਰਾ 365 (ਅਗਵਾ ਕਰਨ), 379-ਬੀ (2) (ਸਨੈਚਿੰਗ ਕਰਦੇ ਸਮੇਂ ਸੱਟ ਪਹੁੰਚਾਉਣਾ), 323 (ਸੱਟ ਪਹੁੰਚਾਉਣਾ) ਅਤੇ 506 (ਅਪਰਾਧਿਕ ਧਮਕੀ ਦੇਣਾ) ਦੇ ਤਹਿਤ ਕੇਸ ਦਰਜ ਕੀਤਾ ਸੀ।ਪੁਲਿਸ ਨੇ ਅਮ੍ਰਿਤਪਾਲ ਤੋਂ ਇਲਾਵਾ ਕਈ ਹੋਰਾਂ 'ਤੇ ਵੀ ਕੇਸ ਦਰਜ ਕੀਤੇ ਹਨ। ਧਾਰਾ 365 (ਅਗਵਾ ਕਰਨ) ਅਧੀਨ ਸੱਤ ਸਾਲ ਤੱਕ ਦੀ ਸਜਾ ਦਿੱਤੀ ਜਾ ਸਕਦੀ ਹੈ।ਅਸਲ ਵਿੱਚ ਅਜਨਾਲਾ ਵਿੱਚ 23 ਫਰਵਰੀ ਨੂੰ ਜੋ ਹਿੰਸਾ ਵੇਖਣ ਨੂੰ ਮਿਲੀ, ਉਹ ਇਸ ਕੇਸ ਤੋਂ ਬਾਅਦ ਹੀ ਹੋਈ ਸੀ।

17 ਫਰਵਰੀ ਨੂੰ ਇੱਕ ਅਗਵਾ ਕਰਨ ਦੇ ਮਾਮਲੇ ਵਿੱਚ ਪੁਲਿਸ ਨੇ ਲਵਪ੍ਰੀਤ ਸਿੰਘ ਉਰਫ਼ ਤੂਫ਼ਾਨ ਨੂੰ ਹਿਰਾਸਤ ਵਿੱਚ ਲਿਆ ਸੀ।ਇਸ ਦੇ ਵਿਰੋਧ ਵਿੱਚ ਅਮ੍ਰਿਤਪਾਲ ਅਤੇ ਵੱਡੀ ਗਿਣਤੀ ਵਿੱਚ ਉਸ ਦੇ ਸਮਰਥਕਾਂ ਨੇ 23 ਫਰਵਰੀ ਨੂੰ ਅਜਨਾਲਾ ਦੇ ਪੁਲਿਸ ਥਾਣੇ ਦਾ ਘਿਰਾਓ ਕੀਤਾ।ਉਹ ਮੰਗ ਕਰ ਰਹੇ ਸਨ ਕਿ ਲਵਪ੍ਰੀਤ ਸਿੰਘ ਨੂੰ ਰਿਹਾਅ ਕੀਤਾ ਜਾਵੇ। ਇਸ ਦੌਰਾਨ ਕਈ ਪੁਲਿਸ ਵਾਲੇ ਵੀ ਜ਼ਖਮੀ ਹੋਏ।

ਪਹਿਲਾਂ ਤਾਂ ਇਹ ਮੰਨਿਆ ਗਿਆ ਕਿ ਪੁਲਿਸ ਨੇ ਇਸ ਮਾਮਲੇ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਹੈ ਪਰ ਬਾਅਦ ਵਿੱਚ ਸਾਹਮਣੇ ਆਇਆ ਕਿ 24 ਫਰਵਰੀ ਨੂੰ ਇੱਕ ਐਫਆਈਆਰ ਅਜਨਾਲਾ ਥਾਣੇ ਵਿੱਚ ਦਰਜ ਕੀਤੀ ਗਈ ਸੀ।ਇਸ ਮਾਮਲੇ ਵਿੱਚ ਕਈ ਧਾਰਾਵਾਂ ਲੱਗੀਆਂ ਸਨ। ਇਹਨਾਂ ਵਿੱਚ ਆਈਪੀਸੀ ਦੀ ਧਾਰਾ 307 (ਜਾਨ ਤੋਂ ਮਾਰਨ ਦੀ ਕੋਸ਼ਿਸ਼) ਅਤੇ ਸਰਕਾਰੀ ਕਰਮਚਾਰੀ ਨੂੰ ਡਿਊਟੀ ਨਿਭਾਉਣ ਤੋਂ ਰੋਕਣਾ, ਹਮਲਾ ਜਾਂ ਅਪਰਾਧਿਕ ਬਲ ਦਾ ਇਸਤੇਮਾਲ ਕਰਨਾ ਵੀ ਸ਼ਾਮਿਲ ਸੀ।ਧਾਰਾ 307 ਤਹਿਤ ਜਾਨ ਤੋਂ ਮਾਰਨ ਦੀ ਕੋਸ਼ਿਸ਼ ਲਈ 10 ਸਾਲ ਦੀ ਸਜਾ ਦੀ ਤਜਵੀਜ਼ ਹੈ।ਇਸ ਤੋਂ ਇਲਾਵਾ ਆਈਪੀਸੀ ਦੀਆਂ ਧਾਰਾਵਾਂ 332, 333, 506, 120-ਭ, 427, 148, 149 ਵੀ ਲਗਾਈਆਂ ਗਈਆ ਹਨ।

ਮੋਗਾ ਦੇ ਬੁਧ ਸਿੰਘ ਵਾਲਾ ਵਿੱਚ ਜੋ ਐਫਆਈਆਰ ਦਰਜ ਹੈ, ਉਹ 22 ਫਰਵਰੀ ਦੀ ਹੈ।ਇੱਥੇ ਦੀਪ ਸਿੱਧੂ ਤੇ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ ਦੀ ਯਾਦ ਵਿੱਚ ਬਰਸੀ ਸਮਾਗਮ ਕਰਵਾਇਆ ਗਿਆ ਸੀ।ਉਨ੍ਹਾਂ ਵੱਲੋਂ ਇਹਨਾਂ ਦੀ ਯਾਦ ਵਿੱਚ ਬਣਾਏ ਗਏ ਇੱਕ ਦਰਵਾਜ਼ੇ ਦਾ ਉਦਘਾਟਨ ਵੀ ਕੀਤਾ ਗਿਆ ਸੀ।ਇਸ ਦੌਰਾਨ ਅਮ੍ਰਿਤਪਾਲ ਦੇ ਇੱਥੇ ਤਲਖ਼ ਤੇਵਰ ਨਜ਼ਰ ਆਏ ਸਨ। ਉਨ੍ਹਾਂ ਨੇ ਕਿਹਾ ਕਿ ਪੁਲਿਸ ਉਨ੍ਹਾਂ ਨੂੰ ਲੱਭਣ ਲਈ ਛਾਪਾਮਾਰੀ ਦਾ ਡਰਾਮਾ ਕਰ ਰਹੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ 'ਅਸੀਂ ਕਿਹੜਾ ਕਿਤੇ ਲੁਕੇ ਜਾਂ ਭੱਜੇ ਹਾਂ'।ਅਮ੍ਰਿਤਪਾਲ ਨੇ ਕਥਿਤ ਤੌਰ 'ਤੇ ਕਿਹਾ ਸੀ, "ਦੁਨੀਆ ਦੀ ਕੋਈ ਤਾਕਤ ਸਿੱਖਾਂ ਨੂੰ ਖ਼ਾਲਿਸਤਾਨ ਦੀ ਪ੍ਰਾਪਤੀ, ਆਜ਼ਾਦ ਰਾਜ ਦੀ ਪ੍ਰਾਪਤੀ ਤੋਂ ਨਹੀਂ ਰੋਕ ਸਕਦੀ...ਅਸੀਂ ਲੜਦੇ ਰਹਾਂਗੇ..." ਇਸ ਤੋਂ ਇਲਾਵਾ ਵੀ ਉਹਨਾਂ ਨੇ ਕਾਫੀ ਤਕਰੀਰਾਂ ਕੀਤੀਆਂ ਸਨ।ਜੋ ਇਲਜਾਮ ਲਗਾਏ ਗਏ ਹਨ, ਉਸ ਲਈ ਆਈਪੀਸੀ ਦੀ ਧਾਰਾ 153-ਏ ਲਗਾਈ ਗਈ ਹੈ। ਇਸ ਤਹਿਤ ਧਰਮ, ਨਸਲ, ਜਨਮ ਸਥਾਨ, ਨਿਵਾਸ, ਭਾਸ਼ਾ ਆਦਿ ਦੇ ਆਧਾਰ 'ਤੇ ਵੱਖ-ਵੱਖ ਸਮੂਹਾਂ ਵਿਚਕਾਰ ਦੁਸ਼ਮਣੀ ਨੂੰ ਵਧਾਵਾ ਦੇਣਾ ਅਤੇ ਸਦਭਾਵਨਾ ਨੂੰ ਬਣਾਈ ਰੱਖਣ ਲਈ ਨੁਕਸਾਨਦੇਹ ਕੰਮ ਕਰਨਾ ਆਉਂਦਾ ਹੈ।ਇਸ ਤੋਂ ਇਲਾਵਾ ਉਨ੍ਹਾਂ ਉਪਰ 121- ਏ ਦਾ ਵੀ ਮਾਮਲਾ ਦਰਜ ਹੈ।ਇਸ ਤਹਿਤ ਜੇ ਕੋਈ ਵੀ ਭਾਰਤ ਦੇ ਅੰਦਰ ਕੋਈ ਦੇਸ਼ ਦੇ ਖ਼ਿਲਾਫ਼ ਲੜਾਈ ਕਰਨ ਦੀ ਸਾਜ਼ਿਸ਼ ਕਰਦਾ ਹੈ ਤਾਂ ਉਸ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਜਾ ਸਕਦੀ ਹੈ ਜਾਂ ਫਿਰ 10 ਸਾਲ ਦੀ ਸਜ਼ਾ ਨਾਲ ਜੁਰਮਾਨਾ ਕੀਤਾ ਜਾ ਸਕਦਾ ਹੈ।

22 ਫਰਵਰੀ ਨੂੰ ਹੀ ਅੰਮ੍ਰਿਤਪਾਲ ਦੇ ਖ਼ਿਲਾਫ਼ ਇੱਕ ਹੋਰ ਐਫਆਈਆਰ ਦਰਜ ਹੈ।ਮਾਮਲਾ ਕੁੱਝ ਮੋਗੇ ਦੇ ਕੇਸ ਨਾਲ ਹੀ ਮਿਲਦਾ ਜੁਲਦਾ ਹੈ। ਆਈਪੀਸੀ ਦੀ ਧਾਰਾ 153-ਏ ਲਗਾਈ ਗਈ ਹੈ। ਇਸ ਦੇ ਤਹਿਤ ਪੰਜ ਸਾਲ ਦੀ ਸਜ਼ਾ ਦਾ ਤਜਵੀਜ ਹੈ।ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਇਸ ਸਬੰਧੀ ਵੀਡੀਉ ਮੌਜੂਦ ਹੈ ਜੋ ਭਾਸ਼ਣ ਅੰਮ੍ਰਿਤਪਾਲ ਨੇ ਦਿੱਤਾ ਸੀ।18 ਮਾਰਚ ਯਾਨੀ ਉਨ੍ਹਾਂ ਦੀ ਭਾਲ ਲਈ ਪੁਲਿਸ ਦੀ ਕਾਰਵਾਈ ਦੇ ਪਹਿਲੇ ਦਿਨ ਅਮ੍ਰਿਤਪਾਲ ਸਿੰਘ 'ਤੇ ਪੰਜਵਾਂ ਮੁਕੱਦਮਾ ਦਰਜ ਹੈ।ਅੰਮ੍ਰਿਤਸਰ ਜ਼ਿਲ੍ਹੇ ਦੇ ਖਿਲਚੀਆਂ ਪਿੰਡ ਵਿੱਚ ਪੁਲਿਸ ਨੇ ਇੱਕ ਨਾਕਾ ਅਤੇ ਬੈਰੀਕੇਡ ਲਗਾਏ ਸਨ।ਪੁਲਿਸ ਮੁਤਾਬਿਕ ਅਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀਆਂ ਚਾਰ ਗੱਡੀਆਂ ਦਾ ਕਾਫ਼ਲਾ ਉੱਥੋਂ ਗੁਜ਼ਰਿਆ।ਉਨ੍ਹਾਂ ਵਿੱਚ ਇੱਕ ਮਰਸਡੀਜ਼ ਸੀ, ਦੋ ਫ਼ੋਰਡ ਐਨਡੇਵਰ ਅਤੇ ਇੱਕ ਕਰੇਟਾ ਗੱਡੀ ਉੱਥੋਂ ਨਿਕਲੀਆਂ ਸਨ।ਪੁਲਿਸ ਨੇ ਨਾਕੇ 'ਤੇ ਅਮ੍ਰਿਤਪਾਲ ਸਿੰਘ ਦੇ ਕਾਫ਼ਲੇ ਨੂੰ ਰੁਕਣ ਦਾ ਇਸ਼ਾਰਾ ਕੀਤਾ ਪਰ ਉਨ੍ਹਾਂ ਨੇ ਬੈਰੀਕੇਡ ਤੋੜ ਦਿੱਤਾ ਅਤੇ ਉੱਥੋਂ ਭੱਜ ਗਏ।



ਪੁਲਿਸ ਨੇ ਸੈਕਸ਼ਨ 279, 186, 506, 336, 427 ਆਈ ਪੀ ਐਸ ਅਤੇ 25 ਆਰਮ ਐਕਟ ਦੇ ਤਹਿਤ ਕੇਸ ਦਰਜ ਕੀਤੀ ਹੈ।ਪੰਜਾਬ ਪੁਲਿਸ ਦਾ ਦਾਅਵਾ ਹੈ ਕਿ ਅਮ੍ਰਿਤਪਾਲ ਸਿੰਘ ਨੂੰ ਹਾਲੇ ਹਿਰਾਸਤ ਵਿੱਚ ਨਹੀਂ ਲਿਆ ਗਿਆ ਹੈ

ਅਗਲੇ ਹੀ ਦਿਨ ਯਾਨੀ 19 ਮਾਰਚ ਨੂੰ ਪੁਲਿਸ ਨੇ ਅਮ੍ਰਿਤਪਾਲ ਦੇ ਖ਼ਿਲਾਫ਼ ਇੱਕ ਹੋਰ ਐਫਆਈਆਰ ਦਰਜ ਕੀਤੀ।ਜਲੰਧਰ ਦਿਹਾਤੀ ਦੇ ਸੀਨੀਅਰ ਪੁਲਿਸ ਕਪਤਾਨ ਸਵਰਨਦੀਪ ਸਿੰਘ ਮੁਤਾਬਕ ਅਮ੍ਰਿਤਪਾਲ ਇੱਕ ਭੂਰੇ ਰੰਗ ਦੀ ਇਸੂਜ਼ੂ ਪਿਕਅੱਪ ਗੱਡੀ ਵਿੱਚ ਵੇਖੇ ਗਏ ਸਨ।ਉਨ੍ਹਾਂ ਨੂੰ ਪਿੰਡ ਸਲੇਮਾ ਦੇ ਸਰਕਾਰੀ ਸਕੂਲ ਨੇੜੇ ਵੇਖਿਆ ਗਿਆ।

ਉਹ ਤੇਜ਼ ਅਤੇ ਲਾਪਰਵਾਹੀ ਨਾਲ ਗੱਡੀ ਚਲਾ ਰਹੇ ਸਨ।ਸਬੂਤ ਵਜੋਂ ਪੁਲਿਸ ਮੁਤਾਬਕ ਇਹ ਗੱਡੀ ਹੈ ਜਿਸ ਨੂੰ ਬਾਅਦ ਵਿੱਚ ਫੜ੍ਹ ਲਿਆ ਗਿਆ।ਪੁਲਿਸ ਨੇ ਗੱਡੀ ਦੀ ਤਲਾਸ਼ੀ ਤੋਂ ਇੱਕ ਵਾਕੀ-ਟਾਕੀ ਸੈੱਟ, ਇੱਕ 315 ਬੋਰ ਰਾਈਫ਼ਲ ਸਮੇਤ 57 ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ।ਇਸ ਮਾਮਲੇ ਵਿਚ ਆਈਪੀਸੀ ਦੀ ਧਾਰਾ 279 ਅਤੇ 188 ਲਗਾਈ ਗਈ ਹੈ ਅਤੇ ਆਰਮਜ਼ ਐਕਟ ਵੀ ਲਾਇਆ ਗਿਆ ਹੈ।

ਪੁਲਿਸ ਮੁਤਾਬਕ ਅਮ੍ਰਿਤਪਾਲ ਸਿੰਘ ਖ਼ਿਲਾਫ਼ ਲਗਾਤਾਰ ਸੂਬੇ ਦੀ ਸੁਰੱਖਿਆ ਅਤੇ ਕਾਨੂੰਨ ਵਿਵਸਥਾ ਨੂੰ ਨੁਕਸਾਨ ਪਹੁੰਚਾਉਣ ਕਾਰਨ ਹੋਈ ਕਾਰਵਾਈ ਦੌਰਾਨ ਨਜ਼ਰਬੰਦ ਕਰਨ ਦੀ ਤਜਵੀਜ਼ ਕੀਤੀ ਗਈ ਹੈ।

ਪੁਲਿਸ ਮੁਤਾਬਕ ਐਸਐਸਪੀ ਅੰਮ੍ਰਿਤਸਰ ਦਿਹਾਤੀ ਨੇ ਜ਼ਿਲ੍ਹਾ ਮੈਜਿਸਟ੍ਰੇਟ ਅੰਮ੍ਰਿਤਸਰ ਨੂੰ ਪੱਤਰ ਭੇਜਿਆ ਸੀ, ਜਿਨ੍ਹਾਂ ਨੇ ਇਸ ਬਾਰੇ ਵਿਚਾਰ ਕਰਦੇ ਹੋਏ ਅਮ੍ਰਿਤਪਾਲ ਸਿੰਘ ਉੱਤੇ ਰਾਸ਼ਟਰੀ ਸੁਰੱਖਿਆ ਐਕਟ, 1980 ਦੀ ਧਾਰਾ 3(2) ਤਹਿਤ ਨਜ਼ਰਬੰਦੀ ਦੇ ਹੁਕਮ ਜਾਰੀ ਕੀਤੇ ਹਨ।

ਜਲੰਧਰ ਦੇ ਇੱਕ ਪਿੰਡ ਵਿੱਚ ਗੁਰਦੁਆਰੇ ਦੇ 'ਗ੍ਰੰਥੀ' ਦੀ ਸ਼ਿਕਾਇਤ ਤੋਂ ਬਾਅਦ ਅਮ੍ਰਿਤਪਾਲ ਸਿੰਘ ਵਿਰੁੱਧ ਫਿਰੌਤੀ ਅਤੇ ਦੰਗੇ ਕਰਨ ਦੇ ਇਲਜਾਮ ਵਿੱਚ ਇੱਕ ਹੋਰ ਐਫਆਈਆਰ ਦਰਜ ਕੀਤੀ ਗਈ ਹੈ।

ਇਹ ਇਲਜ਼ਾਮ ਲਗਾਏ ਗਏ ਹਨ ਕਿ ਅਮ੍ਰਿਤਪਾਲ ਆਪਣੇ ਕੱਪੜੇ ਬਦਲ ਕੇ ਬਾਈਕ 'ਤੇ ਭੱਜ ਗਿਆ ਸੀ ਤਾਂ ਪੁਲਿਸ ਦੀ ਕਾਰਵਾਈ ਤੋਂ ਬਚਿਆ ਜਾ ਸਕੇ।ਪੁਲਿਸ ਨੇ ਦੱਸਿਆ ਕਿ ਇਹ ਮਾਮਲਾ ਨੰਗਲ ਅੰਬੀਆਂ ਪਿੰਡ ਦੇ ਗੁਰਦੁਆਰੇ ਦਾ ਹੈ।

ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ 'ਵਾਰਿਸ ਪੰਜਾਬ ਦੇ' ਮੁਖੀ ਅਤੇ ਉਸ ਦੇ ਤਿੰਨ ਸਾਥੀ ਗੁਰਦੁਆਰੇ ਵਿੱਚ ਦਾਖਲ ਹੋਏ ਅਤੇ ਉਸ ਦੀ ਦਿੱਖ ਬਦਲਣ ਲਈ ਬੰਦੂਕ ਦੀ ਨੋਕ 'ਤੇ ਉਸ ਦੇ ਲੜਕੇ ਦੇ ਕੱਪੜੇ ਮੰਗੇ।ਗ੍ਰੰਥੀ ਨੇ ਦੱਸਿਆ ਕਿ ਕੱਪੜੇ ਦੇਣ ਤੋਂ ਇਨਕਾਰ ਕਰਨ 'ਤੇ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ।

ਸ਼ਿਕਾਇਤ ਤੋਂ ਬਾਅਦ ਪੁਲਿਸ ਨੇ ਅਮ੍ਰਿਤਪਾਲ ਅਤੇ ਉਸ ਦੇ ਚਾਰ ਸਾਥੀਆਂ ਦੇ ਖ਼ਿਲਾਫ਼ ਆਈਪੀਸੀ ਦੀਆਂ ਵੱਖ-ਵੱਖ ਧਾਰਾਵਾਂ 386 (ਕਿਸੇ ਵਿਅਕਤੀ ਨੂੰ ਮੌਤ ਦਾ ਡਰ ਪਾ ਕੇ ਜ਼ਬਰਦਸਤੀ ਵਸੂਲੀ), 506 (ਅਪਰਾਧਿਕ ਧਮਕੀ) ਅਤੇ 148 (ਦੰਗਾ ਭੜਕਾਉਣਾ) ਦੇ ਤਹਿਤ ਮਾਮਲਾ ਦਰਜ ਕੀਤਾ ਹੈ।ਕਿਸੇ ਵਿਅਕਤੀ ਨੂੰ ਮੌਤ ਦਾ ਡਰ ਪਾ ਕੇ ਜ਼ਬਰਦਸਤੀ ਵਸੂਲੀ ਲਈ 10 ਸਾਲ ਦੀ ਸਜ਼ਾ ਦੀ ਤਜਵੀਜ ਹੈ।







# ਸਰਦਾਰ ਦਰਸ਼ਨ ਸਿੰਘ ਢਿੱਲੋਂ ਦੀ ਕੈਨੇਡਾ ਯਾਤਰਾ



ਸਰੀ (ਹਰਕੀਰਤ ਸਿੰਘ) ਜ਼ਿਲ੍ਹਾ ਲੁਧਿਆਣਾ ਦੇ ਕਿਲਾ ਰਾਏਪੁਰ ਨਾਲ ਲਗਦੇ ਛੋਟੇ ਜਿਹੇ ਪਿੰਡ ਜੜਤੌਲੀ ਵਿੱਚ ਜਨਮੇ 78 ਸਾਲਾ ਸਰਦਾਰ ਦਰਸ਼ਨ ਸਿੰਘ ਢਿੱਲੋਂ ਏਅਰ ਕੰਡੀਸ਼ਨ ਇੰਜਨੀਅਰ ਅਤੇ ਆਪਣੇ ਸਮੇਂ ਦੇ ਮਸ਼ਹੂਰ ਬਿਜਨਿਸ ਮੈਨ ਰਹੇ ਹਨ ।ਅੱਜ ਕੱਲ ਆਪਣੀ ਜੀਵਨ ਸਾਥਣ ਸਰਦਾਰਨੀ ਬਲਜੀਤ ਕੌਰ ਢਿੱਲੋਂ ਨਾਲ ਆਪਣੇ ਬੱਚਿਆਂ ਨੂੰ ਮਿਲਣ ਲਈ ਕੈਨੇਡਾ ਆਏ ਹੋਏ ਹਨ। ਕੈਲਗਰੀ ਤੋਂ ਬਾਅਦ ਵੈਨਕੂਵਰ ਆਪਣੇਂ ਮਾਸੀ ਦੇ ਪੁੱਤਰ ਭਰਾ ਮਸ਼ਹੂਰ ਰਿਐਲਟਰ ਸ. ਜਗਰੂਪ ਸਿੰਘ ਖੇੜਾ ਕੋਲ ਆਏ ਹੋਏ ਹਨ।

ਜਦੋਂ ਮੇਰੇ ਨਾਲ ਉਨਾ ਦੀ ਮੁਲਾਕਾਤ ਹੋਈ ਤਾਂ ਉਨਾ ਅੰਦਰਲੀ ਸਹਿਜਤਾ ਅਤੇ ਇੱਕ ਸੂਝਵਾਨ ਇਨਸਾਨ ਦੀ ਝਲਕ ਪਈ।ਰੱਬੀ ਭਾਣੇ ਨੂੰ ਮੰਨਣ ਵਾਲੇ ਸਿੱਖੀ ਸਿਧਾਤਾਂ ਤੇ ਪਹਿਰਾ ਅਤੇ ਵਾਹਿਗੁਰੂ ਤੇ ਅਟੁੱਟ ਵਿਸ਼ਵਾਸ ਉਨਾ ਦੀ ਸ਼ਖਸ਼ੀਅਤ ਵਿੱਚੋਂ ਪ੍ਰਗਟ ਹੋ ਰਿਹਾ ਸੀ।

ਚਾਹ ਦੇ ਪ੍ਰੇਮ ਭਰੇ ਪਿਆਲੇ ਪੀਂਦਿਆਂ ਉਨਾ ਨੇ ਆਪਣੀਂ ਜਿਦਗੀ ਦੇ ਸਫਰ ਦੀਆਂ ਗੱਲਾਂ ਕੀਤੀਆ। ਸਰਦਾਰ ਢਿੱਲੋਂ ਨੇ ਦੱਸਿਆ ਕਿ 1967 ਵਿਚ ਕਲਕੱਤਾ ਵਿਖੇ ਆਪਣੀ ਪਹਿਲੀ ਨੌਕਰੀ ਸ਼ੁਰੂ ਕੀਤੀ ਅਤੇ 1978 ਤੱਕ ਲਗਾਤਾਰ 11 ਸਾਲ ਵੋਲਟਾਸ ਕੰਪਨੀ ਦੇ ਅਫ਼ਸਰ ਹੁੰਦੇ ਹੋਏ ਵੱਡੇ ਵੱਡੇ ਏਅਰ ਕੰਡੀਸ਼ਨ ਦੇ ਪਲਾਂਟਾ ਦਾ ਨਿਰਮਾਣ ਕੀਤਾ।

ਉਨਾ ਹਾਸੇ ਵਾਲੀ ਗੱਲ ਦੱਸੀ ਕਿ ਜਦੋਂ ਕਦੇ ਉਹ ਪਿੰਡ ਆਉਂਦੇ ਤਾਂ ਪਿੰਡ ਵਾਲਿਆਂ ਨੂੰ ਉਸ ਸਮੇਂ ਏਅਰ ਕੰਡੀਸਨ ਬਾਰੇ ਘੱਟ ਜਾਣਕਾਰੀ ਹੋਣ ਕਰਕੇ ਕਹਿੰਦੇ ਕਿ ਸਰਦਾਰ ਬਚਨ ਸਿੰਘ ਦਾ ਮੁੰਡਾ 'ਠੰਡੀਆਂ ਮਸ਼ੀਨਾਂ' ਬਣਾਉਂਦਾ ਹੈ। 1978 ਵਿੱਚ ਚੰਡੀਗੜ੍ਹ ਵਿਖੇ 'ਪ੍ਰੀਤਲੋਨ ਏਅਰ ਕੰਡੀਸਨ' ਦੀ ਕੰਪਨੀ ਸ਼ੁਰੂ ਕੀਤੀ ਅਤੇ ਆਪਣੀਂ ਤਕਨੀਕੀ ਖੂਬੀ ਨਾਲ ਪੂਰੇ ਉੱਤਰੀ ਭਾਰਤ ਵਿੱਚ ਇਸ ਕੰਪਨੀ ਦਾ ਪੂਰਾ ਨਾਮ ਚਲਦਾ ਸੀ।

ਵਾਹਿਗੁਰੂ ਦੇ ਭਾਣੇਂ ਅਨੁਸਾਰ 2013 ਵਿੱਚ ਸਰਦਾਰ ਦਰਸ਼ਨ ਸਿੰਘ ਢਿੱਲੋਂ ਦੇ ਇਕਲੌਤੇ ਬੇਟੇ ਹਰਪ੍ਰੀਤ ਸਿੰਘ ਦੇ ਚ ਅਕਾਲ ਚਲਾਣੇਂ ਨੇ ਹੱਸਦੇ ਵੱਸਦੇ ਘਰ ਵਿਚ ਹਨੇਰਾ ਕਰ ਦਿੱਤਾ।ਸ. ਜਗਰੂਪ ਸਿੰਘ ਨੇ ਦੱਸਿਆ ਕਿ ਮੇਰਾ ਭਰਾ ਸ. ਢਿੱਲੋਂ ਜੋ ਹਮੇਸ਼ਾ ਹੱਸਦਾ ਰਹਿੰਦਾ ਮਖੌਲੀਆ ਸੁਭਾਅ ਦਾ ਮਾਲਕ ,ਚੁੱਪ ਰਹਿਣ ਲੱਗ ਪਿਆ।ਬਿਜ਼ਨਸ ਬੰਦ ਕਰ ਦਿੱਤਾ ਅਤੇ ਅੱਜ ਵਾਹਿਗੁਰੂ ਦਾ ਭਾਣਾ ਮੰਨ ਕੇ ਜੀਵਨ ਬਤੀਤ ਕਰ ਰਿਹਾ ਹੈ।

ਗਮਗੀਨ ਮਾਹੌਲ ਨੂੰ ਚਾਹ ਤੋ ਬਾਦ ਤਬਦੀਲ ਕਰਦਿਆਂ ਸ. ਢਿੱਲੋਂ ਨੂੰ ਭਾਰਤ ਅਤੇ ਕੈਨੇਡਾ ਵਿੱਚਲੇ ਫਰਕ ਬਾਰੇ ਪੁੱਛਿਆ ਤਾਂ ਸਰਦਾਰ ਦਰਸ਼ਨ ਸਿੰਘ ਢਿੱਲੋਂ ਨੇ ਦੱਸਿਆ ਕਿ ਘੱਟੋ-ਘੱਟ ਸੌ ਸਾਲ ਦਾ ਫ਼ਰਕ ਹੈ। ਭਾਰਤ ਵਿੱਚ ਜਿੱਨੀ ਟਰੈਫਿਕ ਵੱਧ ਗਈ ਉਸ ਹਿਸਾਬ ਨਾਲ ਲੋਕਾਂ ਨੂੰ ਸੜਕ ਤੇ ਚੱਲਣ ਦਾ ਗਿਆਨ ਨਹੀਂ। ਟਰੱਕ,ਬੱਸਾਂ ਤੇ ਗੰਨੇ ਦੀਆਂ ਭਰੀਆਂ ਟਰਾਲੀਆਂ ਫ਼ਾਸਟ ਲਾਈਨ ਵਿੱਚ ਚੱਲਦੀਆਂ ਹਨ ਅਤੇ ਜਦੋਂ ਕਿ ਇਹ ਲਾਈਨ ਗੱਡੀਆਂ ਕਰਾਸ ਕਰਨ ਵਾਸਤੇ ਹੁੰਦੀ ਹੈ ਪਰ ਹਰ ਕੋਈ ਆਪਣਾ ਹੱਕ ਸਮਝਦਾ ਹੈ। ਕੋਈ ਵੀ ਦੂਜੇ ਬਾਰੇ ਨਹੀਂ ਸੋਚਦਾ ਨਾ ਹੀ ਰਸਤਾ ਦਿੰਦਾ ਹੈ। ਲੋਕ ਪੁਲਿਸ ਦੇ ਡਰੋਂ ਬੈਲਟ ਲਾਉਂਦੇ ਹਨ ਨਾ ਕਿ ਆਪਣੇ ਬਚਾਅ ਲਈ। ਰੈੱਡ ਲਾਈਟ ਵਿੱਚ ਦੀ ਲੰਘਣ ਵੇਲੇ ਫਖਰ ਮਹਿਸੂਸ ਕੀਤਾ ਜਾਂਦਾ ਹੈ।

ਪ੍ਰਦੂਸ਼ਣ ਬਾਰੇ ਗੱਲ ਸਾਂਝੀ ਕਰਦਿਆਂ ਸ਼੍ਰੀ ਢਿੱਲੋਂ ਨੇ ਦੱਸਿਆ ਕਿ ਇਕ ਤਾਂ ਆਬਾਦੀ ਜ਼ਿਆਦਾ ਹੈ ਦੂਜੇ ਲੋਕ ਵੀ ਆਪਣੀ ਨੈਤਿਕ ਜ਼ਿੰਮੇਵਾਰੀ ਤੋਂ ਮੁਨਕਰ ਹਨ । ਆਮ ਕਰਕੇ ਪਲਾਸਟਿਕ ਦੀ ਸਾਂਭ-ਸੰਭਾਲ ਲਈ ਨਾ ਸਰਕਾਰ ਯਤਨ ਕਰਦੀ ਹੈ ਤੇ ਨਾ ਲੋਕ ਸਮਝਦੇ ਹਨ। ਜਦ ਕਿ ਕੈਨੇਡਾ ਵਿੱਚ ਸਾਫ ਸਫਾਈ ਪਲਾਟਿਕ ਦੀ ਵਰਤੋਂ ਲਈ ਕਿੰਨੀ ਸਾਵਧਾਨੀ ਵਰਤੀ ਜਾ ਰਹੀ ਹੈ।

ਕਿਸਾਨ ਫਸਲੀ ਚੱਕਰ ਬਦਲਣ ਲਈ ਤਿਆਰ ਨਹੀਂ ਅਤੇ ਖੇਤੀ ਵਿਗਿਆਨੀਆਂ ਦੀ ਗੱਲ ਨਹੀਂ ਸੁਣਦਾ ਹੈ। ਪੰਜਾਬ ਦੇ ਕਿਸਾਨ ਉਨਾ ਚਿਰ ਕਾਮਯਾਬ ਨਹੀਂ ਹੁੰਦੇ ਜਿਨਾ ਚਿਰ ਆਪਣੀ ਫਸਲ ਦੀ ਮਾਰਕੀਟ ਆਪ ਨਹੀਂ ਕਰਨ ਲੱਗ ਪੈਂਦੇ।

ਸ.ਢਿੱਲੋਂ ਨੇ ਮੌਸਮ ਦੀ ਖ਼ਰਾਬੀ ਬਾਰੇ ਗੱਲ ਕਰਦੇ ਕਿਹਾ ਕਿ ਕੁਦਰਤ ਨਾਲ ਛੇੜਛਾੜ ਕਰੋਪੀ ਬਣਦੀ ਜਾ ਰਹੀ ਹੈ। ਇਸ ਕਰੋਪੀ ਨੂੰ ਲੋਕ ਕੁਦਰਤ ਦਾ ਡੰਡਾ ਹੀ ਸਮਝਣ। ਫ਼ਸਲੀ ਚੱਕਰ ਬਦਲਣ ਲਈ ਕੁਦਰਤ ਵੀ ਇਸ਼ਾਰੇ ਕਰ ਰਹੀ ਹੈ।

ਉਨਾ ਦੱਸਿਆ ਕਿ ਪੰਜਾਬ ਵਿੱਚ ਅਜੇ ਵੀ ਭਾਈਚਾਰਕ ਸਾਂਝ ਕਾਇਮ ਹੈ ਲੋਕ ਭਾਵੇਂ ਵੱਖ ਵੱਖ ਪਾਰਟੀਆਂ ਨਾਲ ਹੋਣ ਕਰਕੇ ਮਤਭੇਦ ਰੱਖਦੇ ਹਨ ਪਰ ਪਿਆਰ ਵਿੱਚ ਕਮੀ ਨਹੀਂ।

ਅਖੀਰ ਵਿੱਚ ਦਰਸ਼ਨ ਸਿੰਘ ਢਿੱਲੋਂ ਨੇ ਦੱਸਿਆ ਕਿ ਉਹਨਾਂ ਨੂੰ ਗਰੇਟਰ ਵੈਨਕੂਵਰ ਦਾ ਮੌਸਮ ਅਤੇ ਸਮੁੰਦਰੀ ਤੱਟ ਬਹੁਤ ਪਸੰਦ ਹਨ ਅਤੇ ਉਹ ਬਹੁਤ ਖੁਸ਼ ਹਨ ਕਿ ਸਾਰੀ ਦੁਨੀਆਂ ਦੇ ਲੋਕ ਇਹ ਬਹੁ ਪੱਖੀ ਮੁਲਕ ਵਿਚ ਇੱਕ ਪਿੰਡ ਵਾਂਗ ਰਹਿ ਰਹੇ ਹਨ। ਅਦਾਰਾ ਪੰਜਾਬ ਗਾਰਡੀਅਨ ਸਰਦਾਰਨੀ ਅਤੇ ਸਰਦਾਰ ਦਰਸ਼ਨ ਸਿੰਘ ਢਿੱਲੋਂ ਦੀ ਤੰਦਰੁਸਤੀ ਅਤੇ ਚੜ੍ਹਦੀ ਕਲਾ ਲਈ ਕਾਮਨਾ ਕਰਦਾ ਹੈ ਕਾਸ਼ ਸ. ਢਿੱਲੋਂ ਦੇ ਬਹੁ ਕੀਮਤੀ ਵਿਚਾਰਾਂ ਉਪਰ ਸਾਡੇ ਪੰਜਾਬੀ ਅਮਲ ਕਰਨ ਲੱਗ ਪੈਣ ਤਾਂ ਫਿਰ ਸਾਡਾ ਪੰਜਾਬ ਵੀ ਜਲਦੀ ਹੀ ਕੈਨੇਡਾ ਬਣ ਸਕਦਾ ਹੈ।


AujLawZ Tax & Accounting Services

• Reliable • Professional • Confidential

(we provide first couple of month's service free)

*Income Tax Filling (Personal & Small Business)
*Accounting including Payroll Small business
*Indian & Canadian Passport Renewal App
*Permanent Resident Card Renewal App
*Rental Agreement & Evacuation of Tenant App
*Super Visa Medical Insurance & Life Insurance

*Canadian Citizenship App
*Employment Insurance App
*Retirement Pension App
*Canadian Disability App
*OCI Application
*US visa & Visa App for India

Courses Started
*Income Tax Preparation *Personal&Small business *Accounting Certificate *Pesticide Applicator *LLQP for Life Insurance Career

Contact: Gurbachan Aujla

604-504-1657, 604-835-3693

Off:#205-2580 Cedar Park Pl Abbotsford, BC V2T 3S5
Res:2357 Bevan Cres Abbotsford BC V2T 3Z4
Email:aujlagee@shaw.ca

0323



Injured in an accident? ICBC claim?

We can help.

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੋਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
> Brain and spinal cord injuries
> Fatality claims
> Chronic pain
> Soft tissue injuries
> All economic damages and losses
> Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
*B.Sc., L.L.B (UBC)*

TRIAL LAWYERS

MANDEEP RANDHAWA LAW CORPORATION

T 604 449 7500

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

# .Ck Auto.

## CK AUTO SERVICES LTD.

SALE
BUY 4 TIRES & GET ALLIGNMENT AT 1/2 PRICE
FLAT TYRE REPAIR FREE

NEW




40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ

Clearance Sale
*Limited Quantity

On All Seasons & Winter Tires
(Auplus & Comforser)



TARSHOTAM BIRAN

**215/70R16**
**COMFORSER**
Reg: ~~$155.00~~
Now : $70.00



**235/65R17**
**COMFORSER**
Reg: ~~$220.00~~
Now : $95.00



**245/65R17**
**COMFORSER**
Reg: ~~$240.00~~
Now : $100.00



**215/70R15**
**GOOD YEAR INTEGRITY**
Reg: ~~$120.00~~
Now : $90.00



SALE

**Comforser**
Size: 205/60/16
Reg Price: ~~$110~~
Sale Price : $55



**Auplus**
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

**Cell: 778-322-1610, Tel: 604-592-2667** #106-13112-84th Ave.,Surrey



ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ
(India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI
CATERING

# SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ
ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

## ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: **Off:206-517-4444, Cell:206-771-5079**

6417 Roosevelt Way NE #105, Seattle WA 98115 Email:sardarjicatering@gmail.com

*Top Quality *Friendly Service * On Time & Free Delivery

ਲੋਕਾਂ ਦੀ ਪੁਰਜ਼ੋਰ ਮੰਗ ਤੇ ਪਾਲ ਨਰਵਾਲ ਅਤੇ ਪੈਟਰਿਕ ਨੇ ਖੋਲ੍ਹ ਦਿੱਤਾ ਹੈ 'ਫਰਨੀਚਰ ਲੀਕਿਊਡੇਟਰਜ' (77 ਐਵੇਨਿਊ ਤੇ 128 ਸਟਰੀਟ) ਦੀ ਨੁੱਕਰ ਤੇ ਜਿੱਥੋਂ ਤੁਸੀਂ ਉਨ੍ਹਾਂ ਦੇ ਆਪਣੇ ਬਣਾਏ ਹੋਏ ਬਾਕਸ ਬੈੱਡ, ਸੋਫਾ ਸੈੱਟ ਅਤੇ ਮੈਟਰੈੱਸ ਕੌਡੀਆਂ ਦੇ ਭਾਅ ਖਰੀਦੋ

# FIRST CHOICE FURNITURE LIQUIDATORS

7743-128St Surrey, BC (Opposite to Subway)




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ ਵਿਚ




ਵੱਖ ਵੱਖ ਤਰ੍ਹਾਂ ਦੇ ਕੱਪੜੇ ਅਤੇ ਰੰਗਾਂ, ਹਾਰਡ/ਮੀਡੀਅਮ/ਸੌਫਟ ਫੋਮ ਵਿਚ













Foam Mattress



Single $99 Double $129 Queen $149

Matresses



Single $149.00 Double $249.00
Queen $299.00



ਗੌਦਰੇਜ
ਦੀ ਅਲਮਾਰੀ
ਕੀਮਤ
$599.00

Paul Narwal & Patrick 604-503-4457 ਜਾਂ 236-868-1628




**7050 120 Street, Surrey, British Columbia V3W 3M8, Tel: (604) 598-1300 Fax: (604) 594-1669**

# ਇਸ ਹਫਤੇ ਦੇ ਪ੍ਰੋਗਰਾਮ

**31 ਮਾਰਚ ਦਿਨ ਸ਼ੁੱਕਰਵਾਰ**

ਅਰੰਭ 5 ਸ੍ਰੀ ਅਖੰਡ ਪਾਠ ਸਾਹਿਬ
1. ਸਮੂਹ ਤੁੜ ਪਿੰਡ ਦੇ ਸ਼ਹੀਦ ਸਿੰਘਾਂ ਦੀ ਯਾਦ ਵਿਚ
2. ਸੰਤੋਖ ਸਿੰਘ ਬਰਾੜ ਦੀ ਪਹਿਲੀ ਬਰਸੀ
3. ਸੁਰਿੰਦਰ ਕੌਰ ਬਾਦਲ ਪਰਿਵਾਰ ਵੱਲੋਂ
4. ਮਨੀ ਸਿੰਘ ਪਰਿਵਾਰ ਵੱਲੋਂ ਬੱਚੀ ਗੁਰਲੀਨ ਕੌਰ ਦੇ ਜਨਮ ਦਿਨ ਦੀ ਖੁਸ਼ੀ ਵਿਚ
5. ਸਮੂਹ ਅਫਗਾਨੀ ਸ਼ਹੀਦ ਸਿੰਘਾਂ ਦੀ ਯਾਦ ਵਿਚ

*ਸਵੇਰੇ 10 ਵਜੇ ਪਾਠ ਸੁਖਮਨੀ ਸਾਹਿਬ ਰਮਨਦੀਪ ਕੌਰ ਅਤੇ ਪਰਿਵਾਰ ਵ ੱਲੋਂ
*ਦਾਹ ਸਸਕਾਰ ਮਨਸਾ ਸਿੰਘ 10 ਵਜੇ ਰਿਵਰਸਾਇਡ ਵਿਖੇ ਹੋਵੇਗਾ, ਗੁਰਦੁਆਰਾ ਸਾਹਿਬ ਵਿਖੇ 12 ਵਜੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ

**1 ਅਪ੍ਰੈਲ ਦਿਨ ਸ਼ਨਿਚਰਵਾਰ**

*ਸਵੇਰੇ 10 ਵਜੇ ਪਾਠ ਸੁਖਮਨੀ ਸਾਹਿਬ ਪਰਦੀਪ ਸਿੰਘ ਅਤੇ ਪਰਿਵਾਰ ਵ ੱਲੋਂ
*ਦਾਹ ਸਸਕਾਰ ਕਸ਼ਮੀਰ ਕੌਰ 10 ਵਜੇ ਰਿਵਰਸਾਇਡ ਵਿਖੇ ਹੋਵੇਗਾ, ਗੁਰਦੁਆਰਾ ਸਾਹਿਬ ਵਿਖੇ 12 ਵਜੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ
*ਦਾਹ ਸਸਕਾਰ ਗਿਆਨ ਕੌਰ ਨਾਹਲ 11 ਵਜੇ ਰਿਵਰਸਾਇਡ ਵਿਖੇ ਹੋਵੇਗਾ, ਗੁਰਦੁਆਰਾ ਸਾਹਿਬ ਵਿਖੇ 12.30 ਵਜੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ
*ਦਾਹ ਸਸਕਾਰ ਹਰਬੰਸ ਕੌਰ ਧਾਲੀਵਾਲ 3 ਵਜੇ ਰਿਵਰਸਾਇਡ ਵਿਖੇ ਹੋਵੇਗਾ, ਗੁਰਦੁਆਰਾ ਸਾਹਿਬ ਵਿਖੇ 4.30 ਵਜੇ ਸ੍ਰੀ ਸਹਿਜ ਪਾਠ ਦੇ ਭੋਗ ਪੈਣਗੇ ਅਤੇ ਅੰਤਿਮ ਅਰਦਾਸ ਹੋਵੇਗੀ
*ਸ਼ਾਮ 4 ਵਜੇ ਪਾਠ ਸੁਖਮਨੀ ਸਾਹਿਬ ਗੁਰਦੇਵ ਕੌਰ ਪਰਿਵਾਰ ਵ ੱਲੋਂ ਕੀਰਤਨ ਅਤੇ ਲੰਗਰਾਂ ਦੀ ਸੇਵਾ

**2 ਅਪ੍ਰੈਲ ਦਿਨ ਐਤਵਾਰ**

*ਸਵੇਰੇ 8.30 ਵਜੇ ਭੋਗ ਚਾਰ ਸ੍ਰੀ ਅਖੰਡ ਪਾਠ ਸਾਹਿਬ
*ਸਵੇਰੇ 10 ਵਜੇ ਭੋਗ ਸ੍ਰੀ ਅਖੰਡਪਾਠ ਸਾਹਿਬ ਸਮੂਹ ਅਫ਼ਗਾਨੀ ਸਿੱਖਾਂ ਦੀ ਸ਼ਹੀਦੀ ਨੂੰ ਸਮਰਪਿਤ
*ਸਵੇਰੇ 8.45 ਵਜੇ ਪਾਠ ਸੁਖਮਨੀ ਸਾਹਿਬ ਦਵਿੰਦਰ ਕੌਰ ਮਾਨ ਅਤੇ ਪਰਿਵਾਰ ਵੱਲੋਂ
*ਸਵੇਰੇ 10 ਵਜੇ ਪਾਠ ਸੁਖਮਨੀ ਸਾਹਿਬ ਲੰਗਰਾਂ ਦੀ ਸੇਵਾ ਮਨਿੰਦਰ ਕੌਰ ਦੇ ਪਰਿਵਾਰ ਵ ੱਲੋਂ
*ਸਵੇਰੇ 10.30 ਵਜੇ ਪਾਠ ਸੁਖਮਨੀ ਸਾਹਿਬ ਹਰਬੰਸ ਸਿੰਘ ਅਤੇ ਪਰਿਵਾਰ ਵ ੱਲੋਂ
*ਦੁਪਹਿਰ 12.30 ਵਜੇ ਪਾਠ ਸੁਖਮਨੀ ਸਾਹਿਬ ਹਰਸਿਮਰਨ ਪਰਿਵਾਰ ਵ ੱਲੋਂ
*ਦੁਪਹਿਰ 2 ਵਜੇ ਭੋਗ ਸਹਿਜਪਾਠ ਗੁਰਮੀਤ ਕੌਰ ਧਾਲੀਵਾਲ ਅਤੇ ਪਰਿਵਾਰ ਵ ੱਲੋਂ
*ਸ਼ਾਮ 4 ਵਜੇ ਪਾਠ ਸੁਖਮਨੀ ਸਾਹਿਬ.ਕੀਰਤਨ ਅਤੇ ਲੰਗਰਾਂ ਦੀ ਸੇਵਾ ਗੁਰਮੇਲ ਸਿੰਘ ਨਿੱਝਰ ਅਤੇ ਪਰਿਵਾਰ ਵ ੱਲੋਂ

**3 ਅਪ੍ਰੈਲ ਦਿਨ ਸੋਮਵਾਰ**

*ਸਵੇਰੇ 10 ਵਜੇ ਬੇਬੇ ਨਾਨਕੀ ਦੇ ਜਨਮ ਦਿਹਾੜੇ ਨੂੰ ਸਮਰਪਿਤ:ਬੇਬੇ ਨਾਨਕੀ ਨਿਸ਼ਕਾਮ ਸੇਵਕ ਜਥੇ ਵੱਲੋਂ ਚਾਹ-ਪਕੌੜਿਆਂ ਦੇ ਲੰਗਰ ਦੀ ਸੇਵਾ
*ਸਵੇਰੇ 10 ਵਜੇ ਅਨੰਦਕਾਰਜ ਗੁਰਜੀਤ ਸਿੰਘ ਪਰਿਵਾਰ ਵ ੱਲੋਂ




**ਨਿਸ਼ਾਨ ਸਾਹਿਬ ਜੀ ਦੇ ਚੋਲਾ ਬਦਲਣ ਦੀ ਸੇਵਾ 9 ਅਪ੍ਰੈਲ ਦਿਨ ਐਤਵਾਰ ਨੂੰ ਸਵੇਰੇ 9 ਵਜੇ ਹੋਵੇਗੀ ਜਿਸ ਵਿਚ ਲੰਗਰਾਂ ਦੇ ਸਟਾਲ ਲੱਗਣਗੇ ਅਤੇ ਬੱਚਿਆਂ ਵੱਲੋਂ ਕੀਰਤਨ ਅਤੇ ਗਤਕੇ ਦਾ ਪ੍ਰਦਰਸ਼ਨ ਹੋਵੇਗਾ**







# ਰਾਗੀ ਜੱਥੇ

ਰਾਗੀ ਜਥਾ ਭਾਈ ਬਲਜਿੰਦਰ ਸਿੰਘ ਜੀ ਬੰਬੇ ਵਾਲੇ,
ਰਾਗੀ ਜਥਾ ਭਾਈ ਮਨਪ੍ਰੀਤ ਸਿੰਘ ਜੀ, ਭਾਈ ਰਸ਼ਵਿੰਦਰ ਸਿੰਘ ਜੀ ਦਾ ਜਥਾ

## ਕਥਾਵਾਚਕ

ਭਾਈ ਹਰਜੀਤ ਸਿੰਘ ਸੁਲਤਾਨਪੁਰ ਲੋਧੀ ਵਾਲੇ

## ਕਵੀਸ਼ਰੀ ਜਥਾ

ਕਵੀਸ਼ਰ ਨਿਸ਼ਾਨ ਸਿੰਘ ਚੱਬਲ

ਦੇਗ ਤੇਗ ਫਤਹਿ ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ

**30640 ਬਲਿਊਰਿਜ ਡਰਾਈਵ, ਐਬਟਸਫੋਰਡ, ਬੀ.ਸੀ. ਫੋਨ (604)504-5530**



## ਹਫਤਾਵਾਰੀ ਪ੍ਰੋਗਰਾਮਾਂ ਦਾ ਵੇਰਵਾ

31 ਮਾਰਚ ਦਿਨ ਸ਼ੁੱਕਰਵਾਰ ਨੂੰ ਵੈਸਾਖੀ ਨੂੰ ਮੁੱਖ ਰੱਖਦਿਆਂ ਸਮੂਹ ਸੰਗਤ ਵੱਲੋਂ ਸ੍ਰੀ ਅਖੰਡਪਾਠ ਸਾਹਿਬ ਆਰੰਭ ਹੋਣਗੇ ਅਤੇ 2 ਅਪ੍ਰੈਲ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ।

*2 ਅਪ੍ਰੈਲ ਦਿਨ ਐਤਵਾਰ ਨੂੰ ਵਿਸ਼ੇਸ਼ ਦੀਵਾਨ ਸਜਣਗੇ ਅਤੇ ਲੰਗਰਾਂ ਦੀ ਸੇਵਾ ਹੋਵੇਗੀ।

### ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰ ਰਹੇ ਪ੍ਰਚਾਰਕ ਸਿੰਘ

ਰਾਗੀ ਜਥਾ:ਭਾਈ ਕੇਵਲ ਸਿੰਘ ਬਠਿੰਡਾ ਦਾ ਜਥਾ

*ਕਥਾ ਵਾਚਕ -ਭਾਈ ਬਲਜੀਤ ਸਿੰਘ ਗੁਰਦਾਸਪੁਰੀ *ਢਾਡੀ ਜਥਾ:ਏਕਬਲਜੋਤ ਸਿੰਘ ਇਆਲੀ

## ਗੁਰਦੁਆਰਾ ਸਾਹਿਬ ਵਿਖੇ ਪ੍ਰੋਗਰਾਮ ਬੁੱਕ ਕਰਨ ਲਈ ਸੰਪਰਕ ਕਰੋ ਜੀ

**ਗੁਰਦੁਆਰਾ ਸਾਹਿਬ:604-504-5530,**

ਬਲਵੀਰ ਸਿੰਘ ਬਨਵੈਤ (ਪ੍ਰਧਾਨ) 604-636-4247, ਮਨਜੀਤ ਸਿੰਘ ਗਰੇਵਾਲ(ਸੈਕਟਰੀ):778-908-1570

ਗਿਆਨੀ ਬਲਰਾਜ ਸਿੰਘ (ਹੈੱਡ ਗ੍ਰੰਥੀ):236-887-5274, ਕਮਲਪ੍ਰੀਤ ਸਿੰਘ (ਲਾਂਗਰੀ)

# ॥ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

# ਮਾਤਾ ਹਰਭਜਨ ਕੌਰ ਸਿੱਧੂ ਸਵਰਗਵਾਸ



**HARBHAJAN K. SIDHU**

**MAY15,1948-MARCH22,2023**


**S. Bikar Singh Sidhu and Family celebrate the Life Of Sardarni Harbhajan K Sidhu. Her Funeral Services is on Sunday April 2 at 3 pm @ Riverside Funeral Home 7410 HopCott Road Delta BC. Prayers and Bhog of Sehaj Path at 4.30pm @ Gurdwara Dashmesh Darbar(128St-85Ave, Surrey).**

ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਰਦਾਰਨੀ ਹਰਭਜਨ ਕੌਰ ਸਿੱਧੂ ਸੁਪਤਨੀ ਸ. ਬਿੱਕਰ ਸਿੰਘ ਸਿੱਧੂ ਜਿਹਨਾਂ ਦਾ ਪਿਛਲਾ ਪਿੰਡ ਗਾਧਰਾਂ ਜ਼ਿਲ੍ਹਾ ਜਲੰਧਰ ਸੀ ਅਤੇ ਹੁਣ ਡੈਲਟਾ ਬੀ ਸੀ ਵਿਚ ਰਹਿ ਰਹੇ ਸਨ, 22 ਮਾਰਚ ਨੂੰ ਅਕਾਲ ਚਲਾਣਾ ਕਰ ਗਏ ਹਨ। ਇਹਨਾਂ ਦਾ ਅੰਤਮ ਸਸਕਾਰ 2 ਅਪ੍ਰੈਲ ਦਿਨ ਐਤਵਾਰ ਸ਼ਾਮ 3 ਵਜੇ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ। ਉਪਰੰਤ ਉਹਨਾਂ ਨਮਿਤ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ ਵਿਖੇ ਸ਼ਾਮ 4.30 ਵਜੇ ਪਾਏ ਜਾਣਗੇ।

## ਗੁਰੂ ਦੇ ਭਾਣੇ ਵਿਚ

## ਬਿੱਕਰ ਸਿੰਘ ਸਿੱਧੂ:604-596-8729, ਸਰੂਪ ਸਿੰਘ:778-712-5608

# ਗੁਰਦਵਾਰਾ ਕੈਨੇਡੀਅਨ ਸਿੰਘ ਸਭਾ ਸਰੀ ਦੇ ਕੰਧ ਚਿੱਤਰਾਂ ਦੀ ਗਾਥਾ









***ਜਰਨੈਲ ਸਿੰਘ ਆਰਟਿਸਟ**

2000 ਵਿਚ ਜਦੋਂ ਕੈਨੇਡਾ ਪੱਕੇ ਤੌਰ ਤੇ ਆਇਆ ਤਾਂ ਸਰੀ ਵਿਚ ਪੰਜਾਬੀ ਟ੍ਰਿਬਿਊਨ ਅਖਬਾਰ ਨਾਲ ਸੰਪਰਕ ਹੋਇਆ ਤੇ ਉਥੇ ਆਉਣਾ ਜਾਣਾ ਸ਼ੁਰੂ ਹੋਇਆ।ਸ. ਜੋਗਿੰਦਰ ਸਿੰਘ ਸਿੱਧੂ ਮਾਲਕ ਤੇ ਸੰਪਾਦਕ ਸਨ ਤੇ ਰਸ਼ਪਾਲ ਸਿੰਘ ਗਿੱਲ ਤੇ ਪ੍ਰੋ. ਗੁਰਵਿੰਦਰ ਸਿੰਘ ਧਾਲੀਵਾਲ ਵੀ ਨਾਲ ਸਨ।ਉਹਨਾਂ ਦਿਨਾਂ ਵਿਚ ਮੈਂ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦਾ ਇਕ ਵਡ ਆਕਾਰੀ ਚਿਤਰ ਟੋਰਾਂਟੋ ਦੇ ਇਕ ਸੱਜਣ ਵਾਸਤੇ ਬਣਾਇਆ ਸੀ ਤੇ ਉਸਦਾ ਸਮਾਗਮ ਸਰੀ ਵਿਚ ਕੀਤਾ । ਸ. ਜੋਗਿੰਦਰ ਸਿੰਘ ਸਿੱਧੂ ਵੀ ਉਸ ਸਮਾਗਮ ਵਿਚ ਸਨ ਤੇ ਉਹਨਾਂ ਨੇ ਚਿਤਰ ਬਾਰੇ ਤੇ ਮੇਰੀ ਕਲਾ ਬਾਰੇ ਕੁਝ ਵਿਚਾਰ ਵੀ ਸਾਂਝੇ ਕੀਤੇ। ਉਸ ਸਮੇਂ ਸਿੱਧੂ ਸਾਹਿਬ ਗੁਰਦਵਾਰਾ ਕੈਨੇਡੀਅਨ ਸਿੰਘ ਸਭਾ ਦੇ ਮੁਖ ਸੇਵਾਦਾਰ ਵੀ ਸਨ। ਉਹ ਹਮੇਸ਼ਾ ਹੀ ਮੇਰੇ ਮਦਦਗਾਰ ਰਹੇ। ਉਹਨਾਂ ਕਿਹਾ ਕਿ ਜਰਨੈਲ ਸਿੰਘ ਅਸੀਂ ਗੁਰਦਵਾਰਾ ਸਾਹਿਬ ਦੀ ਨਵ ਉਸਾਰੀ ਕਰ ਰਹੇ ਹਾਂ ਤੇ ਫਿਰ ਤੂੰ ਉਥੇ ਜੋ ਵੀ ਅਪਣੀ ਕਲਾ ਦਾ ਪ੍ਰਦਰਸ਼ਨ ਕਰਨਾ ਹੈ ਕਰ ਲਵੀਂ। ਮੈਂ ਕਿਹਾ ਜੀ ਸਤਿਬਚਨ, ਜਿਵੇਂ ਹੁਕਮ ਤੁਹਾਡਾ।

ਗੁਰਦਵਾਰਾ ਸਾਹਿਬ ਦੀ ਇਮਾਰਤ ਵਿਚ ਦਾਖਲ ਹੁੰਦਿਆਂ ਹੀ ਗੁੰਬਦ ਦੇ ਹੇਠ, ਖੱਬੇ ਤੇ ਸਜੇ ਦੋਨੋ ਪਾਸੇ 2 ਵਡੀਆਂ ਕੰਧਾਂ ਸਨ। ਲਗਭਗ 15 ਫੁਟ ਉਚੀਆਂ ਤੇ 22 ਫੁਟ ਲੰਬੀਆਂ। ਮੈਂ ਸੋਚਿਆ ਕਿ ਇਹਨਾਂ ਦੋਨੋ ਕੰਧਾਂ ਉਪਰ 10 ਗੁਰੂ ਸਾਹਿਬਾਨ ਦੇ ਸਮੇਂ ਸਿੱਖ ਧਰਮ ਵਿਚਲੀਆਂ ਮਹੱਤਵਪੂਰਨ ਘਟਨਾਵਾਂ ਚਿਤਰੀਆਂ ਜਾ ਸਕਦੀਆਂ ਹਨ।ਇਨੀਆਂ ਉੱਚੀਆਂ ਕੰਧਾਂ ਤੇ ਕੰਮ ਕਿਵੇਂ ਹੋਵੇਗਾ ਦਾ ਸਵਾਲ ਉਠਿਆ ਤਾਂ ਸਿੱਧੂ ਸਾਹਿਬ ਨੇ ਦਸਿਆ ਕਿ ਗੁਰਦਵਾਰਾ ਸਾਹਿਬ ਦੀ ਅਪਣੀ ਸਕਾਈ ਜੈਕ ਮਸ਼ੀਨ ਹੈ ਜਿਸ ਨਾਲ ਇਨੀਂ ਉਚਾਈ ਤੇ ਕੰਮ ਕਰਨਾ ਸੁਖਾਲਾ ਹੋ ਜਾਵੇਗਾ। ਉਹਨਾਂ ਨੇ ਮੈਨੂੰ ਸਕਾਈ ਜੈਕ ਮਸ਼ੀਨ ਉਪਰ ਨੀਚੇ ਕਰਨੀ ਤੇ ਅਗਾਂਹ ਪਿਛਾਂਹ ਕਰਨੀ ਸਿਖਲਾਈ ।ਹੁਣ ਮੈਨੂੰ ਦਿਨ ਤਾਂ ਯਾਦ ਨਹੀਂ ਪਰ ਇਕ ਦਿਨ ਅਰਦਾਸ ਕਰਕੇ ਮੈਂ ਸ਼ਾਮ ਦੇ ਦੀਵਾਨ ਦੀ ਸਮਾਪਤੀ ਤੋਂ ਬਾਅਦ ਖਬੇ ਹੱਥ ਵਾਲੀ ਕੰਧ ਉਪਰ ਕੰਮ ਸ਼ੁਰੂ ਕਰ ਦਿਤਾ। ਕੋਈ ਮੁਢਲਾ ਸਕੈਚ ਵਗੈਰਾ ਤਾਂ ਬਣਾਇਆ ਹੀ ਨਹੀਂ ਸੀ ਪਰ ਮਨ ਵਿਚ ਖਿਆਲ ਸੀ ਕਿ ਗੁਰੂ ਨਾਨਕ ਸਾਹਿਬ ਦੇ ਜਨੇਊ ਪਾਉਣ ਤੋਂ ਨਾਂਹ ਕਰਨ ਵਾਲੀ ਗਾਥਾ ਤੋਂ ਕੰਮ ਸ਼ੁਰੂ ਕਰੀਏ ਕਿਉਂਕਿ ਇਸ ਤੋਂ ਹੀ ਸਿਖ ਧਰਮ ਦੇ ਬੁਨਿਆਦੀ ਵਖਰੇਵੇਂ ਦੀ ਕਥਾ ਸ਼ੁਰੂ ਹੁੰਦੀ ਹੈ। ਸੋ ਅੰਦਾਜ਼ੇ ਜਿਹੇ ਨਾਲ ਕੰਧ ਦੇ ਵਿਚਾਲੇ ਜਿਹੇ ਤੋਂ ਬੁਰਸ਼ ਨਾਲ ਹੀ ਡਰਾਇੰਗ ਕਰ ਕੇ ਚਿਤਰ ਸ਼ੁਰੂ ਕਰ ਦਿਤਾ। ਮਜ਼ੇ ਦੀ ਗਲ ਸੀ ਕਿ ਨਾਂ ਤਾਂ ਸਿੱਧੂ ਸਾਹਿਬ ਨੇ ਪੁੱਛਿਆ ਕਿ ਕੀ ਬਨਾਉਣਾ ਹੈ ਤੇ ਨਾ ਹੀ ਮੈਂ ਦਸਿਆ। ਉਹਨਾਂ ਨੂੰ ਜਿਵੇਂ ਮੇਰੇ ਉਪਰ ਪੂਰਾ ਭਰੋਸਾ ਸੀ ਤੇ ਹੁਣ ਪਿਛਲ ਝਾਤ ਦੇਖਿਆਂ ਮੈਨੂੰ ਵੀ ਲਗਦਾ ਹੈ ਕਿ ਮੈਂ ਉਹਨਾਂ ਦੇ ਭਰੋਸੇ ਉਪਰ ਪੂਰਾ ਉਤਰਿਆ ਤੇ ਉਹਨਾਂ ਨੂੰ ਤੇ ਸੰਗਤ , ਪ੍ਰਬੰਧਕਾਂ ਨੂੰ ਨਿਰਾਸ ਨਹੀਂ ਕੀਤਾ।

ਹੌਲੀ ਹੌਲੀ ਚਿਤਰ ਵਿਚ ਬਾਕੀ ਘਟਨਾਵਾਂ ਗੁਰੂ ਨਾਨਕ ਸਾਹਿਬ ਨਾਲ ਯਾਤਰਾ ਤੇ ਨਿਕਲਦੇ ਹੋਏ, ਗੁਰੂ ਅੰਗਦ ਸਾਹਿਬ ਬਚਿਆਂ ਨੂੰ ਗੁਰਮੁਖੀ ਪੜਾਉਂਦੇ, ਗੁਰੂ ਅਮਰ ਦਾਸ ਲੰਗਰ ਵਿਚ ਸੇਵਾ ਕਰਦੇ ਹੋਏ, ਗੁਰੂ ਰਾਮ ਦਾਸ ਅੰਮ੍ਰਿਤ ਸਰੋਵਰ ਦੀ ਖੁਦਵਾਈ ਕਰਵਾਉਂਦੇ ਹੋਏ. ਗੁਰੂ ਅਰਜਨ ਭਾਈ ਗੁਰਦਾਸ ਨਾਲ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਦੇ ਹੋਏ ਤੇ ਅਖੀਰ ਤੇ ਗੁਰੂ ਅਰਜਨ ਸਾਹਿਬ ਤੇ ਸਾਈਂ ਮੀਆਂ ਮੀਰ ਸ੍ਰੀ ਦਰਬਾਰ ਸਾਹਿਬ ਦੀ ਨੀਂਹ ਰਖਦੇ ਹੋਏ ਚਿਤਰ ਕਲਾਕ ਵਾਈਸ ਰੁਖ ਵਿਚ ਕੰਧ ਦੇ ਪੰਜ ਕੋਣੇ ਡਾਇਮੰਡ ਆਕਾਰ ਅਨੁਸਾਰ ਅਪਣੇ ਆਪ ਹੀ ਗੁਰੂ ਕਿਰਪਾ ਸਦਕਾ ਚਿਤਰੇ ਗਏ। ਇਹਨਾਂ ਚਿਤਰਾਂ ਵਿਚ ਮੈਨੂੰ ਕਲਾਤਮਕ ਤੌਰ ਤੇ ਨਿਜੀ ਫਾਇਦਾ ਇਹ ਹੋਇਆ ਕਿ ਜਿਨਾਂ ਵੀ ਕੰਮ ਮੈਂ ਪਹਿਲਾਂ ਕੀਤਾ ਸੀ ਉਹ ਤੇਲ ਰੰਗਾਂ ਵਿਚ ਕੀਤਾ ਸੀ। ਇਸ ਕੰਧ ਚਿਤਰ ਪ੍ਰਾਜੈਕਟ ਵਿਚ ਸਾਰਾ ਕੰਮ ਐਕਰੇਲਿਕ ਰੰਗਾਂ ਵਿਚ ਕੀਤਾ ਜੋ ਮੇਰੇ ਵਾਸਤੇ ਨਵਾਂ ਮਾਧਿਅਮ ਸੀ , ਪਰ ਤੇਲ ਰੰਗਾਂ ਵਿਚ ਮਹਾਰਤ ਹੋਣ ਕਾਰਨ ਇਸ ਵਿਚ ਕੰਮ ਕਰਨਾ ਸੁਖਾਲਾ ਹੋਇਆ ਤੇ ਇਸ ਮਾਧਿਅਮ ਵਿਚ ਵੀ ਮੇਰੀ ਮਹਾਰਤ ਹੋ ਗਈ ਤੇ ਮੇਰੇ ਕਲਾਤਮਕ ਸਫਰ ਵਿਚ ਇਕ ਹੋਰ ਨਵਾਂ ਮਾਧਿਅਮ ਆ ਗਿਆ । ਇਸ ਤੋਂ ਬਾਦ ਕਾਮਾਗਾਟਾਮਾਰੂ ਕੰਧ ਚਿਤਰ ਵੀ ਇਸੇ ਮਾਧਿਅਮ ਵਿਚ ਕੀਤਾ ਗਿਆ।

ਕੰਧ ਚਿਤਰ ਦੇ ਹੇਠ ਪੰਜਾਬੀ ਤੇ ਅੰਗਰੇਜ਼ੀ ਵਿਚ ਚਿਤਰ ਦੀ ਸੰਖੇਪ ਵਿਆਖਿਆ ਛਪਵਾ ਕੇ ਲਗਾਈ ਗਈ । ਪੰਜਾਬੀ ਵਾਲੀ ਵਿਆਖਿਆ ਇਥੇ ਮੈਂ ਪਾਠਕਾਂ ਨਾਲ ਜਾਣਕਾਰੀ ਹਿਤ ਸਾਂਝੀ ਕਰ ਰਿਹਾਂ।

" ਇਹ ਕੰਧ ਚਿਤਰ ਪ੍ਰਾਜੈਕਟ ਸਿੱਖ ਧਰਮ ਦੇ ਪਹਿਲੇ ਗੁਰੂ ਅਤੇ ਇਸਦੇ ਬਾਨੀ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ, ਦਸਵੇਂ ਅਤੇ ਆਖਰੀ ਗੁਰੂ ਤਕ, ਸਿੱਖ ਧਰਮ ਦੀ ਕਹਾਣੀ ਦਰਸਾਉਣ ਲਈ ਸਿਰਜਿਆ ਗਿਆ ਹੈ। ਇਸ ਵਿਚ ਹਰ ਗੁਰੂ ਦੇ

ਜੀਵਨ ਕਾਲ ਦੌਰਾਨ ਹੋਈਆਂ ਸਿੱਖ ਧਰਮ ਦੇ ਵਿਕਾਸ ਦੀਆਂ ਮਹੱਤਵਪੂਰਨ ਘਟਨਾਵਾਂ ਚਿਤਤਰੀਆਂ ਗਈਆਂ ਹਨ।ਹੇਠਾਂ ਵਿਚਾਲੇ ਪਹਿਲੇ ਚਿਤਰ ਵਿਚ ਬਚਪਨ ਵਿਚ ਗੁਰੂ ਨਾਨਕ ਵਲੋਂ ਜੰਜੂ, ਹਿੰਦੂ ਪਵਿਤਰ ਧਾਗਾ ਪਾਉਣਾ ਨਾਂਹ ਕਰਦਿਆਂ ਤੇ ਰਵਾਇਤ ਨੂੰ ਤੋੜਦੇ ਦਰਸਾਇਆ ਗਿਆ ਹੈ।ਉਹਨਾਂ ਦੇ ਦਰਸਾਇਆ ਕਿ ਰੂਹਾਨੀਅਤ ਤੋਂ ਖਾਲੀ ਧਾਰਮਿਕ ਚਿੰਨ ਧਾਰਨ ਕਰਨ ਦੀ ਬਜਾਏ ਮਨੁਖ ਨੂੰ ਪਿਆਰ, ਹਮਦਰਦੀ, ਸਬਰ ਸੰਤੋਖ, ਬਖਸ਼ਿਸ ਅਤੇ ਸੱਚ ਜਿਹੀਆਂ ਉਚੀਆਂ ਗਲਾਂ ਦੀ ਕਾਮਨਾ ਕਰਨੀ ਚਾਹੀਦੀ ਹੈ।ਘੜੀ ਦੇ ਹਿਸਾਬ ਅਗਲੇ ਚਿਤਰ ਵਿਚ ਗੁਰੂ ਨਾਨਕ ਅਪਣੇ ਮੁਸਲਮਾਨ ਸਾਥੀ ਰਬਾਬੀ ਮਰਦਾਨੇ ਨਾਲ ਪਹਿਲੀ ਉਦਾਸੀ (ਮਹਾਨ ਯਾਤਰਾ) ਤੇ ਜਾ ਰਹੇ ਹਨ।ਗੁਰੂ ਨਾਨਕ ਸਾਹਿਬ ਨੇ ਚਾਰੇ ਦਿਸ਼ਾਵਾਂ ਵਿਚ ਚਾਰ ਉਦਾਸੀਆਂ ਕੀਤੀਆਂ ਅਤੇ ਦੂਰ ਦੂਰ, ਲੰਕਾ, ਢਾਕਾ, ਤਿੱਬਤ, ਮੱਕਾ ਮਦੀਨਾ ਅਤੇ ਬਗਦਾਦ ਤਕ ਸੱਚੇ ਨਾਮ ਦਾ ਪ੍ਰਚਾਰ ਕੀਤਾ। ਅਗੇ ਗੁਰੂ ਅੰਗਦ , ਦੂਜੇ ਗੁਰੂ ਬੱਚਿਆਂ ਨੂੰ ਪੰਜਾਬੀ ਪੜਾਉਂਦੇ ਦਿਖਾਏ ਹਨ। ਉਹਨਾਂ ਪੰਜਾਬੀ ਦਾ ਪ੍ਰਚਾਰ ਕੀਤਾ ਅਤੇ ਗਿਆਨ ਨੂੰ ਆਮ ਆਦਮੀ ਦੀ ਪਹੁੰਚ ਵਿਚ ਲਿਆਂਦਾ, ਜਿਸ ਤੇ ਉਦੋਂ ਤਕ ਸਿਰਫ ਸੰਸਕ੍ਰਿਤ ਜਾਣਦੇ ਮੁੱਠੀ ਭਰ ਬ੍ਰਾਹਮਣਾਂ ਦੀ ਚੌਧਰ ਸੀ।ਗੁਰੂ ਅਮਰਦਾਸ ਦੇ ਲੰਗਰ ਦੀ ਪ੍ਰਥਾ ਨੂੰ ਸੰਗਠਿਤ ਕੀਤਾ, ਜਿਥੇ ਜਾਤ, ਧਰਮ ਤੇ ਵਰਗ ਦੇ ਭੇਦ ਬਿਨਾ ਹਰ ਇਕ ਨੂੰ ਭੋਜਨ ਮਿਲਦਾ ਸੀ ਤੇ ਇਸ ਤਰਾਂ ਬਰਾਬਰੀ , ਭਾਈਚਾਰਾ ਤੇ ਮਨੁਖੀ ਸਾਂਝ ਮਜ਼ਬੂਤ ਹੁੰਦੀ । ਅਗਲੇ ਚਿਤਰ ਵਿਚ ਗੁਰੂ ਰਾਮਦਾਸ ਅੰਮ੍ਰਿਤ ਸਰੋਵਰ ਦੀ ਖੁਦਾਈ ਦਾ ਕੰਮ ਦੇਖ ਰਹੇ ਹਨ, ਇਹ ਸਰੋਵਰ ਮੌਜੂਦਾ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਦੁਆਲੇ ਹੈ।। ਗੁਰੂ ਅਰਜਨ ਪੰਜਵੇਂ ਗੁਰੂ , ਭਾਈ ਗੁਰਦਾਸ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਜਨਾ ਕਰ ਰਹੇ ਹਨ। ਗੁਰੂ ਸਾਹਿਬ ਦੀ ਆਤਮਿਕ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ ਸਾਹਿਬਾਨ ਅਤੇ 19 ਹਿੰਦੂ ਮੁਸਲਮਾਨ ਸੰਤਾਂ ਦੀ ਬਾਣੀ ਹੈ।ਅਗਲੇ ਚਿਤਰ ਵਿਚ ਲਾਹੌਰ ਦੇ ਮੁਸਲਮਾਨ ਸੂਫੀ ਸਾਈਂ ਮੀਆਂ ਮੀਰ, ਸਿੱਖਾਂ ਦੇ ਸਭ ਤੋਂ ਪਵਿੱਤਰ ਸਥਾਨ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ , ਪੰਜਾਬ ਦੀ ਨੀਂਹ ਰੱਖ ਰਹੇ ਹਨ।" ਇਸ ਕੰਧ ਚਿਤਰ ਦਾ ਉਦਘਾਟਨ 14 ਅਪਰੈਲ 2003 ਵੈਸਾਖੀ ਵਾਲੇ ਦਿਨ ਸੰਤ ਸਮਾਜ ਦੇ ਮੁਖੀ ਬਾਬਾ ਸਰਬਜੋਤ ਸਿੰਘ ਬੇਦੀ ਵਲੋਂ ਸੰਗਤਾਂ ਦੀ ਹਾਜ਼ਰੀ ਵਿਚ ਜੈਕਾਰਿਆਂ ਦੀ ਗੂੰਜ ਵਿਚ ਕੀਤਾ ਗਿਆ।ਸਮੂਹ ਸੰਗਤਾਂ ਵਲੋਂ ਇਸ ਦੀ ਸ਼ਲਾਘਾ ਹੋਈ ਤੇ ਛੇਤੀ ਹੀ ਦੂਜੇ ਚਿਤਰ ਦੀ ਸ਼ੁਰੁਆਤ ਬਾਰੇ ਪੁਛਦੇ ਕਿ ਕਦੋਂ ਸ਼ੁਰੂ ਕਰਨਾ ਹੈ।

ਦੂਜੇ ਕੰਧ ਚਿਤਰ ਵਿਚ ਬਾਕੀ ਛੇ ਗੁਰੂ ਸਾਹਿਬਾਨ, ਗੁਰੂ ਹਰਗੋਬਿੰਦ ਸਾਹਿਬ, ਗੁਰੂ ਹਰ ਰਾਇ ਦਵਾਈਆਂ ਦੀ ਸੇਵਾ ਕਰਦੇ, ਗੁਰੂ ਹਰਕਿਸ਼ਨ ਰੋਗੀਆਂ ਦੀ ਸੇਵਾ ਕਰਦੇ , ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ, ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਸਾਜਨਾ, ਸਾਹਿਬਜ਼ਾਦਾ ਅਜੀਤ ਸਿੰਘ ਜੁਝਾਰ ਸਿੰਘ , ਜ਼ੋਰਾਵਰ ਸਿੰਘ ਫਤਹਿ ਸਿੰਘ ਤੇ ਅਖੀਰ ਕੇਂਦਰ ਵਿਚ ਗੁਰੂ ਗੋਬਿੰਦ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਅਗੇ ਨਤਮਸਤਕ, ਗੁਰੂ ਮਾਨਿਓ ਗ੍ਰੰਥ ਦਾ ਸੁਨੇਹਾ ਦਿੰਦੇ ਚਿਤਰੇ ਗਏ। ਇਸ ਵਿਚ ਵੀ ਸਾਰੀ ਬਿਨਾਂ ਵਿਓਂਤ ਹੀ ਸ਼ੁਰੂਆਤ ਕੀਤੀ ਗਈ ਤੇ ਗੁਰੂ ਕਿਰਪਾ ਸਦਕਾ ਸਾਰਾ ਕਾਰਜ ਅਪਣੇ ਆਪ ਹੀ ਸਿਰਜਿਆ ਗਿਆ ਤੇ ਸੰਪੂਰਨ ਹੋਇਆ। ਇਸ ਚਿਤਰ ਹੇਠ ਵੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ ਛਪਵਾ ਕੇ ਲਗਾਈ ਗਈ।ਪੰਜਾਬੀ ਵਾਲੀ ਵਿਆਖਿਆ ਇਥੇ ਮੈਂ ਪਾਠਕਾਂ ਨਾਲ ਜਾਣਕਾਰੀ ਹਿਤ ਸਾਂਝੀ ਕਰ ਰਿਹਾਂ।

"ਉਪਰਲੇ ਕੰਧ ਚਿਤਰ ਵਿੱਚ , ਖੱਬੇ ਤੋਂ ਘੜੀ ਦੇ ਹਿਸਾਬ ਚਲਦਿਆਂ, ਛੇਵੇਂ ਗੁਰੂ ਹਰਗੋਬਿੰਦ, ਅਕਾਲ ਤਖਤ ਦੇ ਬਾਨੀ । ਗੁਰੂ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ, ਸ੍ਰੀ ਅਕਾਲ ਤਖਤ ਸਾਹਿਬ, ਸਿੱਖਾਂ ਵਿਚ ਸਭ ਤੋਂ ਉੱਚੀ ਸਰਵੋਤਮ ਰਾਜਨੀਤਕ ਸੰਸਥਾਂ ਵਜੋਂ ਸਥਾਪਤ ਕੀਤਾ। ਗੁਰੂ ਜੀ ਨੇ ਮੀਰੀ, ਭਾਵ ਸੰਸਾਰਕ ਸ਼ਕਤੀ ਤੇ ਪੀਰੀ, ਭਾਵ ਰੂਹਾਨੀ ਸ਼ਕਤੀ ਨੂੰ ਦਰਸਾਉਂਦੀਆਂ ਦੋ ਤਲਵਾਰਾਂ ਪਹਿਨੀਆਂ।ਅਗੇ ਗੁਰੂ ਹਰਿ ਰਾਇ, ਸੱਤਵੇਂ ਗੁਰੂ, ਰੋਗੀਆਂ ਅਤੇ ਗਰੀਬਾਂ ਨੂੰ ਦਵਾਈਆਂ ਵੰਡ ਰਹੇ ਹਨ।ਉਸ ਤੋਂ ਅਗੇ ਗੁਰੂ ਹਰਿ ਕ੍ਰਿਸ਼ਨ, ਅਠਵੇਂ ਗੁਰੂ, ਦਿੱਲੀ ਵਿਚ ਚੇਚਕ ਦੀ ਬੀਮਾਰੀ ਸਮੇਂ ਦੁਖੀਆਂ ਅਤੇ ਬੀਮਾਰਾਂ ਦੀ ਸੇਵਾ ਕਰਦਿਆਂ, ਸਿੱਖੀ ਵਿਚ ਸੇਵਾ ਦੇ ਸਿਧਾਂਤ ਨੂੰ ਰੂਪਮਾਨ ਕਰ ਰਹੇ ਹਨ।ਗੁਰੂ ਤੇਗ ਬਹਾਦਰ, ਨੌਵੇਂ ਗੁਰੂ, ਧਾਰਮਿਕ ਕੱਟੜਤਾ ਦੇ ਖਿਲਾਫ ਦਿੱਲੀ ਵਿਚ ਸ਼ਹੀਦ ਹੁੰਦੇ ਅਗਲੇ ਚਿਤਰ ਵਿਚ ਦਰਸਾਏ ਹਨ।ਗੁਰੂ ਸਾਹਿਬ ਦੀ ਸ਼ਹਾਦਕ ਇਤਿਹਾਸ ਵਿਚ ਵਿਲੱਖਣ ਹੈ, ਕਿਉਂਕਿ ਉਹਨਾਂ ਨੇ ਅਪਣੇ ਨਹੀ , ਬਲਕਿ ਦੂਸਰੇ ਧਰਮ , ਭਾਵ ਹਿੰਦੂ ਧਰਮ ਦੀ ਰਾਖੀ ਲਈ ਸ਼ਹੀਦੀ ਦਿੱਤੀ ਅਤੇ ਇਸ ਤਰਾਂ ਹਰ ਇਕ ਦੇ ਧਾਰਮਿਕ ਆਜ਼ਾਦੀ ਦੇ ਬੁਨਿਆਦੀ ਮਨੁੱਖੀ ਹੱਕ ਵਾਸਤੇ ਖੜੇ।ਅਗਲੇ ਚਿਤਰ ਵਿਚ ਗੁਰੂ ਗੋਬਿੰਦ ਸਿੰਘ ਜੀ ਪੰਜ_ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਖਾਲਸਾ ਪੰਥ ਦੀ ਸਾਜਨਾ ਕਰ ਰਹੇ ਹਨ। ਇਸ ਨਾਲ ਸਿੱਖ ਪੰਥ ਵਿਚ ਪੰਜ ਪਿਆਰਿਆਂ ਦੀ ਸੰਸਥਾ ਸ਼ੁਰੂ ਹੋਈ ਜੋ ਰਾਜਨੀਤਕ ਤੇ ਸੰਸਾਰਕ ਫੈਸਲੈ ਕਰ ਸਕਦੀ ਹੈ। ਗੁਰੂ ਸਾਹਿਬ ਨੇ ਅਨਿਆਂ, ਜ਼ੁਲਮ ਤੇ ਜਬਰ ਦੇ ਸਿਖਲਾਫ ਜੱਦੋਜਹਿਦ ਲਈ ਸੰਤ ਸਿਪਾਹੀ ਖਾਲਸਾ ਸਾਜਿਆ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸ਼ੁਧ ਸੰਤਾਂ ਅਤੇ ਬਹਾਦਰ ਯੋਧਿਆਂ ਦੀ ਕੌਮ ਬਣਾ ਦਿਤਾ।ਅਗੇ ਚਲਦਿਆਂ ਗੁਰੂ ਜੀ ਦੇ ਵਡੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ ਚਿਤਰੇ ਹਨ ਜੋ ਚਮਕੌਰ ਦੀ ਜੰਗ ਵਿਚ ਮੁਗਲ ਫੌਜਾਂ ਨਾਲ ਲੜਦਿਆਂ ਸ਼ਹੀਦ ਹੋਏ। ਅੱਗੇ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਤੇ ਫਤਹਿ ਸਿੰਘ ਹਨ ਜਿਹਨਾਂ ਨੂੰ ਧਰਮ ਬਚਲਣ ਤੋਂ ਨਾਂਹ ਕਰਨ ਉਪਰੰਤ ਸਰਹਿੰਦ ਵਿਖੇ ਜਿਓਂਦਿਆਂ ਨੀਹਾਂ ਵਿਚ ਚਿਣ ਕੇ ਸ਼ਹੀਦ ਕਰ ਦਿਤਾ ਗਿਆ।ਵਿਚਕਾਰ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਮੱਥਾ ਟੇਕਦੇ ਦਿਖਾਏ ਹਨ। ਗੁਰੂ ਜੀ ਨੇ "ਗੁਰੂ ਮਾਨਿਓ ਗ੍ਰੰਥ" ਦਾ ਆਦੇਸ਼ ਦਿਤਾ ਭਾਵ ਕਿਹਾ ਕਿ ਭਵਿੱਖ ਵਿਚ ਸਿੱਖਾਂ ਦਾ ਕੋਈ ਦੇਹਧਾਰੀ ਗੁਰੂ ਨਹੀਂ ਹੋਵੇਗਾ ਤੇ ਸਭ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਸਾਂ ਗੁਰੂਆਂ ਦੀ ਜਾਗਦੀ ਜੋਤ ਸਮਝਣ। ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਤੋਂ ਸੇਧ ਅਤੇ ਰਹਿਨੁਮਾਈ ਲੈਣੀ ਚਾਹੀਦੀ ਹੈ।"

ਇਸ ਕੰਧ ਚਿਤਰ ਦਾ ਉਦਘਾਟਨ ਪੰਜਾਂ ਪਿਆਰਿਆਂ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ ਉਪਰ 5 ਜਨਵਰੀ 2004 ਨੂੰ ਸੰਗਤਾਂ ਦੀ ਹਾਜ਼ਰੀ ਵਿਚ ਜੈਕਾਰਿਆਂ ਦੀ ਗੂੰਜ ਵਿਚ ਕੀਤਾ ਗਿਆ।ਸਮੂਹ ਸੰਗਤਾਂ ਵਲੋਂ ਇਸ ਚਿਤਰ ਦੀ ਵੀ ਸ਼ਲਾਘਾ ਹੋਈ।

ਜਦੋਂ ਇਹ ਦੋਨੋ ਚਿਤਰ ਸੰਪੂਰਨ ਹੋ ਗਏ ਤਾਂ ਕਈ ਵਾਰੀ ਸੰਗਤਾਂ ਨੇ ਪੁਛਣਾ ਕਿ ਹੋਰ ਨਵਾਂ ਕੀ ਕਰ ਰਹੇ ਹੋ।ਗੁਰਦਵਾਰਾ ਸਾਹਿਬ ਦੇ ਲੰਗਰ ਹਾਲ ਵਿਚ ਤਿਨ ਪਾਸੇ ਕੰਧਾਂ ਸਨ ਜਿਥੇ ਕੁਝ ਬਣ ਸਕਦਾ ਸੀ।ਮੈਂ ਸਿੱਧੂ ਸਾਹਿਬ ਨਾਲ ਸਲਾਹ ਕੀਤੀ ਕਿ ਲੰਗਰ ਦੀ ਮਰਿਆਦਾ ਸਿਖ ਧਰਮ ਦਾ ਨਿਵੇਕਲਾ ਸੰਕਲਪ ਹੈ ਜੋ ਕਿਸੇ ਹੋਰ ਧਰਮ ਵਿਚ ਨਹੀਂ ਹੈ। ਇਸ ਬਾਰੇ ਲੰਗਰ ਹਾਲ ਵਿਚ ਚਿਤਰ ਬਣਾ ਸਕਦੇ ਹਾਂ । ਉਹ ਵੀ ਇਸ ਨਾਲ ਸਹਿਮਤ ਸਨ।ਫਿਰ ਲੰਗਰ ਹਾਲ ਵਿਚ ਮਾਤਾ ਖੀਵੀ ਲੰਗਰ ਵਿਚ ਸੇਵਾ ਕਰਦਿਆਂ ਦਾ ਚਿਤਰ ਬਣਾਇਆ। ਮਾਤਾ ਖੀਵੀ ਇਕੋ ਇਕ ਐਸੀ ਔਰਤ ਹੈ ਜਿਹਨਾਂ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਨਾਲ ਕੀਤਾ ਗਿਆ ਹੈ।ਇਸ ਚਿਤਰ ਥਲੇ ਵੀ ਹੇਠ ਲਿਖੀ ਵਿਆਖਿਆ ਪੰਜਾਬੀ ਅੰਗਰੇਜ਼ੀ ਵਿਚ ਲਗਾਈ ਗਈ।

" ਮਾਤਾ ਖੀਵੀ ਸਿੱਖਾਂ ਦੇ ਦੂਸਰੇ ਗੁਰੂ, ਗੁਰੂ ਅੰਗਦ ਦੇਵ ਜੀ ਦੀ ਧਰਮ ਪਤਨੀ ਸੀ।ਲੰਗਰ ਦਾ ਸਾਰਾ ਇੰਤਜ਼ਾਮ ਉਹਨਾਂ ਦੀ ਜ਼ਿੰਮੇਵਾਰੀ ਸੀ। ਉਹ ਬਹੁਤ ਨੇਕ ਆਤਮਾ ਸੀ ਅਤੇ ਭੁੱਖਿਆਂ ਅਤੇ ਲੋੜਵੰਦਾਂ ਨੂੰ ਲੰਗਰ ਬਹੁਤ ਪਿਆਰ ਅਤੇ ਖਿਆਲ ਨਾਲ ਵਰਤਾਉਂਦੀ ਸੀ। ਉਸ ਨੇ ਲੰਗਰ ਦੀ ਪ੍ਰਥਾ ਨੂੰ ਵਧਾਇਆ ਅਤੇ ਵਿਓਂਤਬੱਧ ਕੀਤਾ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਲੰਗਰ ਜਾਤ , ਧਰਮ, ਅਮੀਰ ਗਰੀਬ, ਅਤੇ ਇਸਤਰੀ ਪੁਰਸ਼ ਦੇ ਵਿਤਕਰੇ ਬਗੈਰ ਹਰ ਇਕ ਨੂੰ ਵਰਤਾਇਆ ਜਾਂਦਾ ਸੀ।ਮਾਤਾ ਖੀਵੀ ਦੀ ਸੇਵਾ ਸਦਕਾ ਉਹਨਾਂ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਆਉਂਦਾ ਹੈ।"

ਮਾਤਾ ਖੀਵੀ ਦੇ ਸੇਵਾ ਦੇ ਚਿਤਰ ਬਾਅਦ ਵਿਚਾਰ ਬਣਿਆ ਕਿ ਸਿਖੀ ਵਿਚ ਸੇਵਾ ਦੀ ਭਾਵਨਾ ਪ੍ਰਗਟ ਕਰਨ ਲਈ ਭਾਈ ਘਨਈਆ ਜੀ ਦੀ ਪਾਣੀ ਤੇ ਮਰਹਮ ਪੱਟੀ ਦੀ ਸੇਵਾ ਤੋਂ ਬਿਹਤਰ ਹੋਰ ਕੋਈ ਵਾਕਿਆ ਨਹੀਂ।ਸੋ ਭਾਈ ਘਨਈਆ ਜੀ ਦਾ ਰਵਾਇਤੀ ਪਾਣੀ ਪਿਲਾਉਣ ਵਾਲੇ ਚਿਤਰ ਦੀ ਜਗਾਹ ਮਰਹਮ ਪੱਟੀ ਕਰਦਿਆ ਦਾ ਚਿਤਰ ਮਾਤਾ ਖੀਵੀ ਦੇ ਚਿਤਰ ਨਾਲ ਬਣਾਇਆ ਗਿਆ ਤੇ ਨਾਲ ਹੀ ਹੇਠ ਲਿਖਿਆ ਇਤਹਾਸ ਲਗਾਇਆ ਗਿਆ।

"ਭਾਈ ਘਨਈਆ ਜੀ ਤੇ ਵਾਹਿਗੁਰੂ ਦੀ ਐਸੀ ਬਖਸ਼ਿਸ਼ ਸੀ ਕਿ ਉਹਨਾਂ ਨੂੰ ਦੋਸਤ ਅਤੇ ਦੁਸ਼ਮਨ ਵਿਚ ਕੋਈ ਭੇਦ ਨਹੀਂ ਸੀ।ਮੈਦਾਨੇ ਜੰਗ ਵਿਚ ਉਹ ਸਿੱਖ ਤੇ ਮੁਗਲ ਫੌਜੀਆਂ ਨੂੰ ਬਿਨਾ ਭੇਦ ਭਾਵ ਦੇ ਪਾਣੀ ਪਿਲਾਉਂਦੇ ਸਨ।ਕਿਸੇ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਇਸ ਬਾਰੇ ਸ਼ਿਕਾਇਤ ਕੀਤੀ।ਗੁਰੂ ਸਾਹਿਬ ਨੇ ਭਾਈ ਘਨਈਆ ਜੀ ਨੂੰ ਇਸ ਬਾਰੇ ਪੁਛਿਆ ਤਾਂ ਉਹਨਾਂ ਜਵਾਬ ਦਿਤਾ ਕਿ ਮੈਨੂੰ ਤਾਂ ਹਰ ਜਗਾਹ ਤੁਹਾਡਾ ਹੀ ਰੂਪ ਦਿਸਦਾ ਹੈ, ਸਿੱਖ ਜਾਂ ਮੁਸਲਮਾਨ ਨਹੀਂ। ਗੁਰੂ ਸਾਹਿਬ ਇਹ ਸੁਣ ਕੇ ਬਹੁਤ ਖੁਸ਼ ਹੋਏ ਅਤੇ ਕਿਹਾ ਕਿ ਤੁਸੀਂ ਸਿੱਖੀ ਦੀ ਸੇਵਾ ਦੀ ਸਹੀ ਭਾਵਨਾ ਸਮਝੀ ਹੈ, ਅਗੇ ਤੋਂ ਜ਼ਖਮੀਆਂ ਦੀ ਮਰਹਮ ਪੱਟੀ ਦੀ ਸੇਵਾ ਵੀ ਕਰਨੀ।ਭਾਈ ਘਨਈਆ ਜੀ ਨੇ ਸਿੱਖੀ ਵਿਚ ਸੇਵਾ ਦੀ ਭਾਵਨਾ ਨੂੰ ਸਹੀ ਰੂਪ ਵਿਚ ਨਿਭਾਇਆ।ਉਹਨਾਂ ਨੇ ਅਸਲ ਵਿਚ ਰੈਡ ਕਰਾਸ ਦੀ ਭਾਵਨਾ ਦੀ ਸ਼ੁਰੂਆਤ ਕੀਤੀ।"

# ਮਹਾਨ ਸਿੱਖ ਨਾਇਕ ਜੱਸਾ ਸਿੰਘ ਰਾਮਗੜ੍ਹੀਆ ਦਾ 300 ਸਾਲਾ ਪੁਰਬ ਵੱਡੇ ਪੱਧਰ ‘ਤੇ ਮਨਾਉਣ ਦੀਆਂ ਤਿਆਰੀਆਂ

# ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਇਕ ਯਾਦਗਾਰੀ ਪੋਸਟਰ ਰਿਲੀਜ਼



ਸਰੀ-ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਸਿੱਖ ਇਤਿਹਾਸ ਦੇ ਮਹਾਨ ਨਾਇਕ ਜੱਸਾ ਸਿੰਘ ਰਾਮਗੜ੍ਹੀਆ ਦਾ 300 ਸਾਲਾ ਜਨਮ ਪੁਰਬ ਮਈ ਮਹੀਨੇ ਵਿਚ ਵੱਡੇ ਪੱਧਰ ‘ਤੇ ਮਨਾਇਆ ਜਾਵੇਗਾ। ਇਸ ਸੰਬੰਧ ਵਿਚ ਅੱਜ ਗੁਰਦੁਆਰਾ ਬਰੁੱਕਸਾਈਡ ਸਾਹਿਬ ਸਰੀ ਵਿਖੇ ਇਕ ਵੱਡੇ ਇਕੱਠ ਦੌਰਾਨ ਸੁਸਾਇਟੀ ਦੇ ਅਹੁਦੇਦਾਰਾਂ, ਮੈਂਬਰਾਂ ਅਤੇ ਸੰਗਤ ਵੱਲੋਂ ਇਕ ਵੱਡ-ਆਕਾਰੀ ਪੋਸਟਰ ਰਿਲੀਜ਼ ਕੀਤਾ ਗਿਆ।

ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਸੁਸਾਇਟੀ ਦੇ ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਜੱਬਲ ਨੇ ਕਿਹਾ ਕਿ ਜੱਸਾ ਸਿੰਘ ਰਾਮਗੜ੍ਹੀਆ ਸਿੱਖ ਇਤਿਹਾਸ ਦੇ ਅਜਿਹੇ ਨਾਇਕ ਹੋਏ ਹਨ ਜਿਨ੍ਹਾਂ ਸਿੱਖਾਂ ਦੀ ਖਿੰਡੀ-ਪੁੰਡੀ ਤਾਕਤ ਨੂੰ ਇਕੱਠਾ ਕਰਕੇ ਸਿੱਖ ਫੌਜ ਵਿਚ ਅਜਿਹਾ ਜੋਸ਼ ਭਰਿਆ ਜਿਸਦੇ ਸਦਕਾ ਸਿੱਖਾਂ ਨੇ ਪੰਜਾਬ ਅਤੇ ਦਿੱਲੀ ਦੀ ਧਰਤੀ ‘ਤੇ ਖਾਲਸਾਈ ਝੰਡੇ ਝੁਲਾਏ ਤੇ ਆਪਣੀ ਹਕੂਮਤ ਸਥਾਪਤ ਕੀਤੀ। ਉਨ੍ਹਾਂ ਦੀ ਅਗਵਾਈ ਵਿਚ ਸਿੱਖਾਂ ਨੇ ਜਾਬਰਾਂ ਨੂੰ ਅਜਿਹਾ ਸਬਕ ਸਿਖਾਇਆ ਕਿ ਪੰਜਾਬ ‘ਤੇ ਹਮਲਾ ਕਰਨ ਵਾਲੇ ਕਹਿੰਦੇ-ਕਹਾਉਂਦੇ ਜਰਵਾਣਿਆ ਦੇ ਗਰੂਰ ਨੂੰ ਮਿੱਟੀ ਵਿਚ ਮਿਲਾ ਦਿੱਤਾ ਸੀ। ਸਿੱਖਾਂ ਨੇ ਆਪਣੀ ਅਣਖ ਅਤੇ ਹੋਂਦ ਕਾਇਮ ਰੱਖਣ ਲਈ ਉਨ੍ਹਾਂ ਦੀ ਅਗਵਾਈ ਹੇਠ ਜੋ ਜਿੱਤਾਂ ਪ੍ਰਾਪਤ ਕੀਤੀਆਂ, ਉਨ੍ਹਾਂ ਨਾਲ ਸਿੱਖ ਕੌਮ ਮਾਨਸਿਕ ਅਤੇ ਸਮਾਜਕ ਪੱਖੋਂ ਬਲਵਾਨ ਹੋਈ। ਉਨ੍ਹਾਂ ਦੱਸਿਆ ਕਿ ਦੋ ਸਾਲ ਪਹਿਲਾਂ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ 300 ਸਾਲਾ ਪੁਰਬ ਸੰਬੰਧੀ ਸਰੀ ਵਿਖੇ ਵੱਡਾ ਸਮਾਗਮ ਕਰਵਾਵੁਣ ਦੀ ਰੂਪਰੇਖਾ ਉਲੀਕੀ ਗਈ ਸੀ ਪਰ ਕੋਰੋਨਾ ਕਾਰਨ ਇਹ ਸਮਾਗਮ ਨਹੀਂ ਸੀ ਹੋ ਸਕਿਆ ਅਤੇ ਉਸ ਕਾਰਜ ਨੂੰ ਹੁਣ ਮਈ ਮਹੀਨੇ ਵਿਚ ਵੱਡੇ ਪੱਧਰ ‘ਤੇ ਮਨਾਉਣ ਦੀ ਵਿਉਂਤਬੰਦੀ ਕੀਤੀ ਗਈ ਹੈ ਤਾਂ ਜੋ ਉਸ ਮਹਾਨ ਨਾਇਕ ਦੇ ਕਾਰਜਾਂ ਅਤੇ ਪ੍ਰਾਪਤੀਆਂ ਨੂੰ ਸਮੁੱਚੇ ਸਿੱਖ ਜਗਤ ਅਤੇ ਆ ਰਹੀ ਪੀੜ੍ਹੀ ਤੱਕ ਪੁਚਾਇਆ ਜਾ ਸਕੇ।

# ‘ਗਾਂਧੀ ਪਰਿਵਾਰ ਖ਼ੁਦ ਨੂੰ ਸੰਵਿਧਾਨ ਤੋਂ ਉੱਤੇ ਮੰਨਦੈ’

ਨਵੀਂ ਦਿੱਲੀ:ਭਾਜਪਾ ਨੇ ਦੋਸ਼ ਲਾਇਆ ਕਿ ਗਾਂਧੀ ਪਰਿਵਾਰ ਖ਼ੁਦ ਨੂੰ ‘ਹੋਰਨਾਂ ਨਾਲੋਂ ਵੱਖ, ਸ਼੍ਰੇਸ਼ਠ ਤੇ ਸੰਵਿਧਾਨ ਤੋਂ ਉੱਤੇ’ ਮੰਨਦਾ ਹੈ। ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਜ਼ੋਰ ਦੇ ਕੇ ਆਖਿਆ ਕਿ ਮਾਣਹਾਨੀ ਕੇਸ ਵਿੱਚ ਸਜ਼ਾ ਸੁਣਾਏ ਜਾਣ ਮਗਰੋਂ ਵਾਇਨਾਡ ਤੋਂ ਸੰਸਦ ਮੈਂਬਰ ਦੀ ਅਯੋਗਤਾ ਨਾਲ ਨਾ ਭਾਜਪਾ ਤੇ ਨਾ ਹੀ ਸਰਕਾਰ ਦਾ ਕੋਈ ਲੈਣਾ-ਦੇਣਾ ਹੈ। ਸ਼ੇਖਾਵਤ ਨੇ ਕਿਹਾ ਕਿ ਕਾਂਗਰਸ ਆਗੂ ਨਿਆਂਇਕ ਤੇ ਕਾਨੂੰਨੀ ਮਸ਼ਕ ਨੂੰ ਲੈ ਕੇ ਜਿਸ ਤਰ੍ਹਾਂ ਰੌਲਾ-ਰੱਪਾ ਤੇ ਚੀਕ ਚਿਹਾੜਾ ਮਚਾ ਰਹੇ ਹਨ, ਉਸ ਤੋਂ ਸਾਫ਼ ਹੈ ਕਿ ਗਾਂਧੀ ਪਰਿਵਾਰ ਖ਼ੁਦ ਨੂੰ ਭਾਰਤ ਦੇ ਨਿਆਂਇਕ ਅਮਲ, ਸੰਵਿਧਾਨਕ ਤੇ ਜਮਹੂਰੀ ਪ੍ਰਬੰਧ ਤੋਂ ਉੱਤੇ ਮੰਨਦਾ ਹੈ। ਸ਼ੇਖਾਵਤ ਨੇ ਮਲਿਕਾਰਜੁਨ ਖੜਗੇ ਤੇ ਜੈਰਾਮ ਰਮੇਸ਼ ਜਿਹੇ ਕਾਂਗਰਸ ਆਗੂਆਂ ’ਤੇ ਆਪਣੇ ਵਿਵਹਾਰ ਨਾਲ ਰਾਜ ਸਭਾ ਚੇਅਰਮੈਨ ਦਾ ਅਪਮਾਨ ਕਰਨ ਦਾ ਦੋਸ਼ ਵੀ ਲਾਇਆ। ਕੇਂਦਰੀ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਵਾਡਰਾ ਵੱਲੋਂ ਗਾਂਧੀ ਪਰਿਵਾਰ ਦੀ ਭਗਵਾਨ ਰਾਮ ਦੇ ਰਾਜਕੁਲ ਨਾਲ ਤੁਲਨਾ ਕਰਨ ਪਿੱਛੇ ਉਨ੍ਹਾਂ ਦਾ ‘ਹੰਕਾਰ’ ਝਲਕਦਾ ਹੈ। ਠਾਕੁਰ ਨੇ ਕਿਹਾ ਕਿ ਭਗਵਾਨ ਰਾਮ ਤੇ ਗਾਂਧੀ ਪਰਿਵਾਰ ਦੀ ਆਪਸ ਵਿੱਚ ਤੁਲਨਾ ਕਰਨ ਤੋਂ ਮੰਦਭਾਗਾ ਹੋਰ ਕੀ ਹੋ ਸਕਦਾ ਹੈ।

# ਕੈਨੇਡਾ ’ਚ ਮਹਾਤਮਾ ਗਾਂਧੀ ਦੇ ਬੁੱਤ ਨੂੰ ਕੀਤਾ ਬਦਰੰਗ

ਟੋਰਾਂਟੋ-ਕੈਨੇਡਾ ’ਚ ਟੋਰਾਂਟੋ ਸਥਿਤ ਸਿਟੀ ਹਾਲ ਕੋਲ ਮੌਜੂਦ ਮਹਾਤਮਾ ਗਾਂਧੀ ਦੇ ਬੁੱਤ ਨੂੰ ਨਿਸ਼ਾਨਾ ਬਣਾਉਂਦੇ ਹੋਏ ਸਪ੍ਰੇਪੇਂਟ ਨਾਲ ਇਸ ਨੂੰ ਬਦਰੰਗ ਕਰ ਦਿੱਤਾ ਗਿਆ। ਇਹ ਬੁੱਤ ਭਾਰਤ ਸਰਕਾਰ ਵੱਲੋਂ ਤੋਹਫ਼ੇ ਦੇ ਰੂਪ ’ਚ ਦਿੱਤਾ ਗਿਆ ਸੀ। ਹੈਮਿਲਟਨ ਪੁਲਿਸ ਨੇ ਕਿਹਾ ਹੈ ਕਿ ਉਹ ਮਾਮਲੇ ਦੀ ਜਾਂਚ ਕਰ ਰਹੀ ਹੈ। ਮਹਾਤਮਾ ਗਾਂਧੀ ਦੇ ਛੇ ਫੁੱਟ ਉੱਚੇ ਕਾਂਸੇ ਦੇ ਬੁੱਤ ਨਾਲ ਖ਼ਾਲਿਸਤਾਨੀ ਝੰਡਾ ਵੀ ਲਗਾ ਦਿੱਤਾ ਗਿਆ ਹੈ।


The Builder's Direct
Experienced & Honest
Bath & Kitchen Fixtures



Wholesale price to public
We carry all major brands
Fireplaces Also Available



Get all kind of Kitchen & Washroom Fixtures at wholesale prices.
Call For Free Estimates
Harjit Sahota: 778-808-2628
604-593-7755
12652-82 Ave, Surrey BC






Punjab TRAVELS



ਜੀਵਨ ਸਿੰਘ ਮੋਗਾ

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

2642 Cedar Park
Abbotsford, British Columbia V2T 3S5
Ph : 604-825-3075, 604-744-4400



ਮਨ ਮਨੁੱਖ ਦੀ ਕੁੰਜੀ ਹੈ Mind is the key to the man.
NATURAL HOMEOPATHIC SOLUTIONS
Homeopathic Natural Products And Consultations
• Stress • Obesity & Weight Management & much more
2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)
• Children & Ladies Problems and much more
We Have Effective New Medicines Based On Latest Research For The Cure Of:
• Allergy Conditions
• Colitis • De-addiction
• Migraine • Sexual Problems
• Arthritis • Stress Anxiety
• All Auto-Immune Diseases



"Homeopath R S Saini receiving International Award"
Director, West coast Homeopathic Society of Canada
Dr.R S Saini & Dr. Shveta Has The Latest Knowledge For The Cure Of These Diseases.
ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋਂ ਐਕਟਿਵ ਪ੍ਰੈਕਟਿਸ ਵਿੱਚ
For Abbotsford
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236
For Surrey
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

# ਪੁਲੀਸ ਵੱਲੋਂ ਖਾਲਸਾ ਰਾਜ ਸਮੇਂ ਦੇ ਝੰਡਿਆਂ ਨੂੰ ਖ਼ਾਲਿਸਤਾਨੀ ਝੰਡੇ ਦੱਸਣ ਕਾਰਨ ਸਿਖ ਜਗਤ ਵਿਚ ਰੋਸ

ਸੰਗਰੂਰ -ਬੀਤੇ ਦਿਨੀਂ ਖੰਨਾ ਪੁਲਿਸ ਨੇ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੂੰ ਲੈਕੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਸਾਥੀਆਂ ਦੇ ਕੋਲੋ ਖਾਲਿਸਤਾਨ ਦੀ ਕਰੰਸੀ ਤੇ ਝੰਡੇ ਤੇ ਨਕਸ਼ੇ ਫੜੇ ਗਏ ਹਨ। ਖੰਨਾ ਪੁਲਿਸ ਦੀ ਐਸ ਐਸ ਪੀ ਅਮਨੀਤ ਕੌਂਡਲ ਨੇ ਦੱਸਿਆ ਸੀ ਅੰਮ੍ਰਿਤਪਾਲ ਸਿੰਘ ਦੇ ਗੰਨਮੈਨ ਤਜਿੰਦਰ ਸਿੰਘ ਉਰਫ਼ ਗੋਰਖਾ ਬਾਬਾ ਨੇ ਸਾਰੇ ਖੁਲਾਸੇ ਪੁਲਿਸ ਦੇ ਸਾਹਮਣੇ ਕੀਤੇ ਹਨ।ਜਦ ਕਿ ਜੋ ਝੰਡੇ ਤੇ ਨਕਸ਼ੇ ਖੰਨਾ ਦੇ ਐਸ ਐਸ ਪੀ ਵਲੋਂ ਮੀਡੀਆ ਵਿਚ ਦਿਖਾਏ ਗਏ ਉਹ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਦੇ ਸਮੇਂ ਦੇ ਹਨ। ਇਸ ਸੰਬੰਧ ਵਿਚ ਸ਼ੋਸ਼ਲ ਮੀਡੀਆ ਉਪਰ ਖਾਸਾ ਰੋਸ ਸਿਖ ਪੰਥ ਵਲੋਂ ਕੀਤਾ ਜਾ ਰਿਹਾ ਹੈ। ਜਥੇਦਾਰ ਅਕਾਲ ਤਖਤ ਵਲੋਂ ਇਸ ਬਾਰੇ ਸਖਤ ਨੋਟਿਸ ਲੈਣ ਕਾਰਣ ਵਿਸ਼ਵ ਭਰ ਦੇ ਸਿਖਾਂ ਵਿਚ ਆਪ ਸਰਕਾਰ ਵਿਰੁਧ ਰੋਸ ਫੈਲ ਗਿਆ ਹੈ।

ਪੰਥਕ ਆਗੂ ਅਤਿੰਦਰ ਪਾਲ ਸਿੰਘ ਖਾਲਿਸਤਾਨੀ ਨੇ ਸਭ ਤੋਂ ਪਹਿਲਾਂ ਪੁਲਿਸ ਦੇ ਝੂਠ ਦਾ ਪਰਦਾਫਾਸ਼ ਕਰਦਿਆਂ ਇਕ ਵੈਬ ਚੈਨਲ ਉਪਰ ਕਿਹਾ ਕਿ ਸਰਕਾਰੀ



ਏਜੰਸੀਆਂ ਸਿੱਖ ਰਾਜ ਦੇ ਝੰਡੇ ਨੂੰ ਬਦਨਾਮ ਕਰਨ ਲਈ ਹੱਦੋਂ ਪਾਰ ਜਾ ਰਹੀਆਂ ਹਨ ਤੇ ਉਹ ਸਿਖ ਵਿਰਾਸਤ ਦੇ ਝੰਡਿਆਂ ਉਪਰ ਪਾਬੰਦੀਆਂ ਲਗਾਉਣਾ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਪੁਲਿਸ ਅਧਿਕਾਰੀਆਂ ਵਲੋਂ ਵੱਖ-ਵੱਖ ਲੋਗੋ ਅਤੇ ਝੰਡੇ ਵਿਖਾ ਕੇ ਇਨ੍ਹਾਂ ਨੂੰ ਖਾਲਿਸਤਾਨੀ ਝੰਡੇ ਅਤੇ ਖਾਲਿਸਤਾਨੀ ਲੋਗੋ ਦੱਸਿਆ ਜਾ ਰਿਹਾ ਹੈ । ਉਹਨਾਂ ਨੇ ਕਿਹਾ ਕਿ ਇਹ ਖਾਲਿਸਤਾਨੀ ਝੰਡੇ ਨਹੀਂ ਹਨ ਸਗੋਂ ਲਾਹੌਰ ਦੇ ਸ਼ਾਹੀ ਕਿੱਲ੍ਹੇ ਉੱਤੇ 50 ਸਾਲ ਝੂਲਦਾ ਰਿਹਾ ਮਹਾਰਾਜਾ ਰਣਜੀਤ ਸਿੰਘ ਰਾਜ ਦਾ ਝੰਡਾ ਹੈ । ਇਸੇ ਤਰ੍ਹਾਂ ਇਨ੍ਹਾਂ ਏਜੰਸੀਆਂ ਵਲੋਂ ਸਿੱਖ ਰਿਆਸਤ ਫ਼ਰੀਦਕੋਟ ਅਤੇ ਸਿੱਖ ਰਿਆਸਤ ਜੀਂਦ ਦੇ ਝੰਡੇ ਨੂੰ ਖਾਲਿਸਤਾਨੀ ਝੰਡੇ ਵਜੋਂ ਪ੍ਰਚਾਰਿਆ ਗਿਆ ਹੈ । ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਕੋਝੇ ਹੱਥਕੰਡੇ ਅਪਨਾ ਕੇ ਸਿੱਖ ਕੌਮ ਬਦਨਾਮ ਕਰਨ ਦੀਆਂ ਚਾਲਾਂ ਬੰਦ ਹੋਣੀਆਂ ਚਾਹੀਦੀਆਂ ਹਨ । ਉਨ੍ਹਾਂ ਕਿਹਾ ਕਿ ਇਨ੍ਹਾਂ ਝੰਡਿਆਂ ਬਾਰੇ ਗ਼ਲਤ ਬਿਆਨੀ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਲੋੜ ਹੈ ।ਇਸ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਅਕਾਲ ਤਖਤ ਸਾਹਿਬ ਨੇ ਕਿਹਾ ਕਿ ਪਿਛਲੇ ਦਿਨੀਂ ਪੰਜਾਬ ਪੁਲਸ ਵਲੋਂ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਤੇ ਸਿੱਖ ਰਿਆਸਤਾਂ ਦੇ ਝੰਡੇ ਅਤੇ ਚਿੰਨ੍ਹਾਂ ਨੂੰ ਖਾਲਿਸਤਾਨ ਦੇ ਝੰਡੇ ਵਜੋਂ ਗਲਤ ਪ੍ਰਚਾਰਿਆ ਗਿਆ, ਉਨ੍ਹਾਂ ਸਬੰਧਤ ਪੁਲਸ ਅਧਿਕਾਰੀਆਂ ਵਿਰੁੱਧ ਵੀ ਸਖਤ ਕਾਨੂੰਨੀ ਕਾਰਵਾਈ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤਾ ਗਿਆ। ਉਨ੍ਹਾਂ ਇਹ ਵੀ ਕਿਹਾ ਕਿ ਸਿੱਖ ਵਿਰਾਸਤ ਨਾਲ ਸਬੰਧਿਤ ਝੰਡਿਆਂ ਤੇ ਨਿਸ਼ਾਨਾਂ ਖ਼ਿਲਾਫ ਕੀਤੇ ਗਏ ਸਰਕਾਰੀ ਕੂੜ-ਪ੍ਰਚਾਰ ਨੂੰ ਠੱਲ੍ਹਣ ਲਈ ਸਿੱਖ ਆਪਣੇ ਵਾਹਨਾਂ ਤੇ ਘਰਾਂ ਉੱਪਰ ਖਾਲਸਾ ਰਾਜ ਦੇ ਨਿਸ਼ਾਨ ਲਗਾਉਣ।

## ਪਾਬੰਦੀਸ਼ੁਦਾ ਸੰਗਠਨ ਦੀ ਮੈਂਬਰਸ਼ਿਪ ਰੱਖਣ ਵਾਲਾ ਵਿਅਕਤੀ ਅਪਰਾਧੀ ਮੰਨਿਆ ਜਾਵੇਗਾ:ਸੁਪਰੀਮ ਕੋਰਟ

ਨਵੀਂ ਦਿੱਲੀ:-ਸੁਪਰੀਮ ਕੋਰਟ ਨੇ ਆਪਣੇ ਦੋ ਜੱਜਾਂ ਦੇ ਬੈਂਚ ਦੇ ਸਾਲ 2011 ਦੇ ਫੈਸਲੇ ਨੂੰ ਕਾਨੂੰਨ ਮੁਤਾਬਕ ਮਾੜਾ ਕਰਾਰ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਪਾਬੰਦੀਸ਼ੁਦਾ ਸੰਗਠਨ ਦੀ ਮੈਂਬਰਸ਼ਿਪ ਨਾਲ ਵਿਅਕਤੀ ਅਪਰਾਧੀ ਨਹੀਂ ਬਣ ਸਕਦਾ। ਸਰਵਉੱਚ ਅਦਾਲਤ ਨੇ ਸਪਸ਼ਟ ਕੀਤਾ ਕਿ ਪਾਬੰਦੀਸ਼ੁਦਾ ਸੰਗਠਨ ਦੀ ਮੈਂਬਰਸ਼ਿਪ ਰੱਖਣ ਵਾਲੇ ਵਿਅਕਤੀ ਨੂੰ ਅਪਰਾਧੀ ਮੰਨਿਆ ਜਾਵੇਗਾ ਅਤੇ ਗੈਰਕਾਨੂੰਨੀ ਗਤੀਵਿਧੀਆਂ ਰੋਕੂ ਕਾਨੂੰਨ (ਯੂਏਪੀਏ) ਦੇ ਤਹਿਤ ਮੁਕੱਦਮਾ ਚਲਾਇਆ ਜਾ ਸਕਦਾ ਹੈ।

ਅੱਜ ਦੇ ਸਮੇਂ ਸਿੱਖ ਕੌਮ ਨਾਲ ਸਬੰਧਤ ਜੋ ਹਾਲਾਤ ਚੱਲ ਰਹੇ ਹਨ ਬੜੇ ਚਿੰਤਾਜਨਕ ਹਨ।ਸਿੱਖ ਨੌਜਵਾਨੀ ਨੂੰ ਹਿਰਾਸਤ ਵਿਚ ਲਿਆ ਜਾ ਰਿਹਾ ਹੈ, ਜਿਸ ਕਰ ਕੇ ਪੰਜਾਬ ਅਤੇ ਬਾਹਰਲੇ ਮੁਲਕਾਂ ਦੇ ਸਿੱਖਾਂ ਦੇ ਮਨਾਂ ਵਿਚ ਕਾਫੀ ਰੋਸ ਪਾਇਆ ਜਾ ਰਿਹਾ ਹੈ।ਬਾਹਰਲੇ ਮੁਲਕਾਂ ਵਿਚ ਇਸ ਸਬੰਧ ਵਿਚ ਰੋਸ ਮੁਜਾਹਰੇ ਹੋ ਰਹੇ ਹਨ, ਜੋ ਕਿ ਸਾਡਾ ਲੋਕਤੰਤਰੀ ਹੱਕ ਹੈ।ਪਰ ਇਸ ਨਾਜ਼ੁਕ ਸਮੇਂ ਸਾਨੂੰ ਬੜੀ ਸੂਝ ਬੂਝ ਤੋਂ ਕੰਮ ਲੈਣ ਦੀ ਲੋੜ ਹੈ।ਰੋਸ ਮੁਜਾਹਰੇ ਸ਼ਾਂਤਮਈ ਤਰੀਕੇ ਨਾਲ ਕਰ ਸਕਦੇ ਹਾਂ ਪਰ ਭੰਨਤੋੜ ਕਰਨਾ ਅਤੇ ਮਾੜੀ ਸ਼ਬਦਾਵਲੀ ਵਰਤਣਾ ਸ਼ੋਭਾ ਨਹੀਂ ਦਿੰਦਾ।ਇਸ ਨਾਲ ਸਿੱਖ ਕੌਮ ਨੂੰ ਲਾਹਾ ਮਿਲਣ ਦੀ ਬਜਾਏ ਨੁਕਸਾਨ ਹੁੰਦਾ ਹੈ।

ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ
ਸਰੀ ਬੀ.ਸੀ, ਕਨੇਡਾ




ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ
www.singhsabhasurrey.com
8115, 132 ਸਟਰੀਟ, ਸਰੀ, ਬੀ.ਸੀ. V3W 4N5

ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਮਾਰਚ/ਅਪ੍ਰੈਲ ਮਹੀਨੇ ਦੇ ਪ੍ਰੋਗਰਾਮ

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦੀ ਦਿਹਾੜਾ ਭਾਈ ਬਲਵੰਤ ਸਿੰਘ ਜੀ ਖੁਰਦਪੁਰ ਦਾ ਮਨਾਇਆ ਜਾਵੇਗਾ ਅਤੇ 2 ਪਰਿਵਾਰਾਂ ਵੱਲੋਂ ਅਖੰਡਪਾਠ ਸਾਹਿਬ ਦੀ ਸੇਵਾ ਹੋਵੇਗੀ:
1. ਭਾਈ ਜਸਵੰਤ ਸਿੰਘ ਦੁਸਾਂਝ ਪਰਿਵਾਰ ਵੱਲੋਂ 2. ਭਾਈ ਕਮਲਪ੍ਰੀਤ ਸਿੰਘ ਚਾਹਲ ਪਰਿਵਾਰ ਵੱਲੋਂ
ਇਹ ਦੋਨੋਂ ਅਖੰਡਪਾਠ ਸਾਹਿਬ 31 ਮਾਰਚ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 2 ਅਪ੍ਰੈਲ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ।ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।



*31 ਮਾਰਚ ਦਿਨ ਸ਼ੁੱਕਰਵਾਰ ਸਵ. ਬੀਬੀ ਜਗੀਰ ਕੌਰ ਤੰਬੜ ਦਾ ਅੰਤਮ ਸਸਕਾਰ ਦੁਪਹਿਰ 1 ਵਜੇ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ।ਉਪਰੰਤ ਉਹਨਾਂ ਨਮਿਤ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਗੁਰੂਘਰ ਵਿਖੇ ਬਾਦ ਦੁਪਹਿਰ 2.30 ਵਜੇ ਹੋਵੇਗੀ।
*1 ਅਪ੍ਰੈਲ ਦਿਨ ਸ਼ਨਿਚਰਵਾਰ ਬੱਚੀ ਹਰਕੀਰਤ ਕੌਰ ਅਤੇ ਕਾਕਾ ਰਣਬੀਰ ਸਿੰਘ ਦਾ ਅਨੰਦਕਾਰਜ ਹੋਵੇਗਾ।
*1 ਅਪ੍ਰੈਲ ਦਿਨ ਸ਼ਨਿਚਰਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 3 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਆਤਮਾ ਸਿੰਘ ਧਾਲੀਵਾਲ ਪਰਿਵਾਰ ਵੱਲੋਂ ਬੱਚੇ ਫਤਹਿ ਸਿੰਘ ਧਾਲੀਵਾਲ ਦੇ ਜਨਮ ਦਿਨ ਦੀ ਖੁਸ਼ੀ ਵਿਚ
2. ਭਾਈ ਚਰਨਜੀਤ ਸਿੰਘ ਚੌਹਾਨ ਪਰਿਵਾਰ ਵੱਲੋਂ 3. ਭਾਈ ਅਮਰਜੀਤ ਸਿੰਘ ਜੌਹਲ ਪਰਿਵਾਰ ਵੱਲੋਂ ਬੱਚੇ ਦੇ ਜਨਮ ਦੀ ਖੁਸ਼ੀ ਵਿਚ
*2 ਅਪ੍ਰੈਲ ਦਿਨ ਐਤਵਾਰ ਨੂੰ ਸਵੇਰ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਬਲਜੀਤ ਸਿੰਘ ਰੰਧਾਵਾ ਪਰਿਵਾਰ ਵੱਲੋਂ ਬੱਚਿਆਂ ਦੇ ਅਨੰਦਕਾਰਜ ਦੀ ਖੁਸ਼ੀ ਵਿਚ ਹੋਵੇਗੀ।
*2 ਅਪ੍ਰੈਲ ਦਿਨ ਐਤਵਾਰ ਸ਼ਾਮ ਨੂੰ ਮਾਸਟਰ ਸਵਰਨ ਸਿੰਘ ਬੈਂਸ ਦੀ ਯਾਦ ਵਿਚ ਸਹਿਜਪਾਠ ਦੇ ਭੋਗ ਸ਼ਾਮ 5 ਵਜੇ ਪਾਏ ਜਾਣਗੇ।ਉਪਰੰਤ ਕੀਰਤਨ ਅਤੇ ਲੰਗਰਾਂ ਦੀ ਸੇਵਾ ਹੋਵੇਗੀ।
*2 ਅਪ੍ਰੈਲ ਦਿਨ ਐਤਵਾਰ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਕੁਲਦੀਪ ਸਿੰਘ ਸੇਖੋਂ ਪਰਿਵਾਰ ਵੱਲੋਂ ਹੋਵੇਗੀ।
*3 ਅਪ੍ਰੈਲ ਦਿਨ ਸੋਮਵਾਰ ਨੂੰ ਸਵ. ਬੀਬੀ ਸੁਰਿੰਦਰ ਕੌਰ ਢੱਟ ਦਾ ਅੰਤਮ ਸਸਕਾਰ ਦੁਪਹਿਰ 1 ਵਜੇ ਰਿਵਰਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ।ਉਪਰੰਤ ਉਹਨਾਂ ਨਮਿਤ ਰਖਾਏ ਸਹਿਜਪਾਠ ਦੇ ਭੋਗ ਅਤੇ ਅੰਤਮ ਅਰਦਾਸ ਗੁਰੂਘਰ ਵਿਖੇ ਬਾਦ ਦੁਪਹਿਰ 2.30 ਵਜੇ ਹੋਵੇਗੀ।

ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ

ਕੀਰਤਨੀ ਜਥੇ:ਭਾਈ ਭਗਤਦੀਪ ਸਿੰਘ ਦਾ ਜਥਾ, ਭਾਈ ਜੋਰਾਵਰ ਸਿੰਘ ਰੁਦਰਪੁਰ ਵਾਲਿਆਂ ਦਾ ਜਥਾ ਕਥਾਵਾਚਕ:ਭਾਈ ਨਛੱਤਰ ਸਿੰਘ ਭਾਂਬੜੀ, ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ
ਫੋਨ:604-590-3232, 604-590-3224, ਫੈਕਸ:604-572-3276

## ਸਿਹਤ ਸੰਬੰਧੀ




# ਔਰਤਾਂ ਦੇ ਜਣਨ ਅੰਗਾਂ ਸੰਬੰਧੀ ਰੋਗ ਅਤੇ ਹੋਮਿਓਪੈਥੀ

ਔਰਤਾਂ ਦੇ ਜਣਨ ਅੰਗਾਂ ਸੰਬੰਧੀ ਅਨੇਕਾਂ ਰੋਗ ਹਨ ਪਰ ਇੱਥੇ ਸਿਰਫ਼ ਉਨ੍ਹਾਂ ਰੋਗਾਂ ਦਾ ਖੁਲਾਸਾ ਕੀਤਾ ਜਾਵੇਗਾ ਜਿਨ੍ਹਾਂ ਦਾ ਸਾਹਮਣਾ ਔਰਤਾਂ ਨੂੰ ਆਮ ਤੌਰ ’ਤੇ ਜੀਵਨ ਦੇ ਕਿਸੇ ਨਾ ਕਿਸੇ ਪੜਾਅ ’ਤੇ ਕਰਨਾ ਪੈਂਦਾ ਹੈ।

1.ਬਾਂਝਪਣ (ਸਟਰਿਲਟੀ): ਕਿਸੇ ਪ੍ਰਚਲਤ ਗਰਭ-ਨਿਰੋਧਕ ਸਾਧਨ ਅਪਣਾਏ ਬਗ਼ੈਰ ਵੀ ਜੇ ਗਰਭ ਨਾ ਠਹਿਰਦਾ ਹੋਵੇ ਤਾਂ ਬਾਂਝਪਣ ਦੀ ਹਾਲਤ ਹੋ ਸਕਦੀ ਹੈ। ਬਾਂਝਪਣ ਜਣਨ ਅੰਗਾਂ ਵਿੱਚੋਂ ਕਿਸੇ ਖ਼ਰਾਬੀ ਕਾਰਣ ਹੋ ਸਕਦਾ ਹੈ। ਕਈ ਔਰਤਾਂ ਇੱਕ ਵਾਰੀ ਤਾਂ ਗਰਭ ਧਾਰਨ ਕਰ ਲੈਂਦੀਆਂ ਹਨ ਪਰ ਦੂਜੀ ਵਾਰੀ ਉਹ ਅਜਿਹਾ ਨਹੀਂ ਕਰ ਸਕਦੀਆਂ। ਕਈ ਵਾਰੀ ਬਚਪਨ ਵਿੱਚ ਪ੍ਰੋਟੀਨ ਦੀ ਘਾਟ ਕਾਰਣ ਜਣਨ ਅੰਗਾਂ ਦਾ ਪੂਰਾ ਵਿਕਾਸ ਨਹੀਂ ਹੋਇਆ ਹੁੰਦਾ। ਕਈ ਔਰਤਾਂ ਜਿਨ੍ਹਾਂ ਨੂੰ ਅਨਿਯਮਿਤ ਮਾਹਵਾਰੀ ਆਉਂਦੀ ਹੈ, ਉਨ੍ਹਾਂ ਦੀਆਂ ਗ੍ਰੰਥੀਆਂ ਪੂਰੀ ਮਾਤਰਾ ਵਿੱਚ ਹਾਰਮੋਨ ਨਹੀਂ ਬਣਾਉਂਦੀਆਂ ਜਿਸ ਕਾਰਣ ਗਰਭ ਧਾਰਨ ਕਰਨ ਵਿੱਚ ਸਮੱਸਿਆ ਆਉਂਦੀ ਹੈ। ਕਈ ਔਰਤਾਂ ਦੇ ਜਣਨ ਅੰਗਾਂ ਵਿੱਚ ਕੋਈ ਹੋਰ ਖ਼ਰਾਬੀ ਨਹੀਂ ਹੁੰਦੀ ਪਰ ਉਨ੍ਹਾਂ ਦੀ ਓਵਰੀਜ਼ ਵਿੱਚ ਅੰਡਾ ਪਕ ਕੇ ਰੀਲੀਜ਼ ਨਹੀਂ ਹੁੰਦਾ। ਜੇਕਰ ਅੰਡਾ ਵੀ ਸਮੇਂ ਸਿਰ ਅਤੇ ਪਕ ਕੇ ਰੀਲੀਜ਼ ਹੋ ਜਾਵੇ ਅਤੇ ਫ਼ੈਲੋਪੀਅਨ ਟਿਊਬਾਂ ਵਿੱਚ ਕੋਈ ਖ਼ਰਾਬੀ, ਸੋਜਿਸ਼ ਜਾਂ ਰੁਕਾਵਟ ਹੋਵੇ ਤਾਂ ਵੀ “ਓਵਾ” ਅਤੇ “ਸਪਰਮ” ਦਾ ਆਪਸੀ ਮੇਲ ਨਹੀਂ ਹੋ ਸਕਦਾ ਜਿਸ ਕਾਰਣ ਗਰਭ ਠਹਿਰਨਾ ਮੁਸ਼ਕਲ ਹੁੰਦਾ ਹੈ। ਕਈ ਕੇਸਾਂ ਵਿੱਚ ਸੁਜਾਕ (ਗਨ੍ਹੌਰੀਆ) ਰੋਗ ਕਰਕੇ ਵੀ ਗਰਭ ਨਹੀਂ ਠਹਿਰਦਾ। ਜੇਕਰ ਜਣਨ ਅੰਗਾਂ ਵਿੱਚ ਕੋਈ ਵਿਗਾੜ ਜਾਂ ਰੋਗ ਨਾ ਹੋਵੇ ਤਾਂ ਹੋ ਸਕਦਾ ਹੈ ਕਿ ਪਤੀ-ਪਤਨੀ ਦਾ ਮਿਲਾਪ ਉਨ੍ਹਾਂ ਦਿਨਾਂ ਵਿੱਚ ਨਾ ਹੁੰਦਾ ਹੋਵੇ ਜਿਹੜੇ ਸਮੇਂ ਦੌਰਾਨ ਓਵਰੀਜ਼ ਵਿੱਚੋਂ ਅੰਡਾ ਪੱਕ ਕੇ ਨਿਕਲਦਾ ਹੈ। ਸਿੱਧਾ ਜਿਹਾ ਨਿਯਮ ਹੈ ਕਿ ਪੱਕਿਆ ਹੋਇਆ ਅੰਡਾ ਅਗਲੀ ਮਾਹਵਾਰੀ ਤੋਂ 14 ਦਿਨ ਪਹਿਲਾਂ ਦੋਹਾਂ ਵਿੱਚੋਂ ਕਿਸੇ ਇੱਕ ਫ਼ਿਲੋਪੀਅਨ ਟਿਊਬ ਵਿੱਚ ਪ੍ਰਵੇਸ਼ ਕਰਦਾ ਹੈ। ਇਸ ਲਈ ਸੰਤਾਨ ਪ੍ਰਾਪਤੀ ਲਈ ਇਸ ਸਮੇਂ ਦੌਰਾਨ ਦੰਪਤੀ ਦਾ ਮਿਲਾਪ ਜ਼ਰੂਰੀ ਹੁੰਦਾ ਹੈ ਵਰਨਾ ਪੱਕਿਆ ਅੰਡਾ ਵਿਅਰਥ ਚਲਾ ਜਾਂਦਾ ਹੈ। ਸੰਤਨ ਦੀ ਚਿੰਤਾ, ਸੰਤਾਨ ਪਾਉਣ ਦੀ ਵਧੇਰੇ ਚਾਹਨਾ, ਕਈ ਪ੍ਰਕਾਰ ਦੀ ਚਿੰਤਾ ਜਾਂ ਡਰ, ਮਾਨਸਿਕ ਤਣਾਓ, ਮੋਟਾਪਾ, ਖ਼ੂਨ ਦੀ ਕਮੀ ਜਾਂ ਪੁਰਸ਼ ਦੇ ਸ਼ੁਕਰਾਣੂ ਦੀ ਮਾਤਰਾ ਅਤੇ ਗੁਣਵੱਤਾ ਵਿੱਚ ਦੋਸ਼ ਆਦਿ ਵੀ ਬਾਂਝਪਣ ਦੇ ਕਾਰਣ ਬਣ ਸਕਦੇ ਹਨ। ਗਰਭਪਾਤ ਕਰਵਾਉਣ ਨਾਲ ਵੀ ਕਈ ਕੇਸਾਂ ਵਿੱਚ ਬਾਂਝਪਣ ਹੋ ਸਕਦਾ ਹੈ। ਮਾਹਰ ਡਾਕਟਰ ਦੀ ਸਲਾਹ ਤੋਂ ਬਗ਼ੈਰ ਵਧੇਰੇ ਗਰਭ ਨਿਰੋਧਕ ਗੋਲ਼ੀਆਂ (ਬਰਥ ਕੰਟ੍ਰੋਲ ਪਿੱਲਜ਼) ਦੀ ਵਰਤੋਂ ਵੀ ਸੰਤਾਬ ਉਤਪੱਤੀ ਵਿੱਚ ਅੜਚਣ ਪੈਦਾ ਕਰ ਸਕਦਾ ਹੈ। ਇੱਥੇ ਇਹ ਵਰਣਨਯੋਗ ਹੈ ਕਿ ਲੋੜ ਨਾਲੋਂ ਵੱਧ ਗਰਭ ਨਿਰੋਧਕ ਗੋਲੀਆਂ ਖਾਣ ਨਾਲ ਹੋਈ ਸਮੱਸਿਆ ਵਿੱਚ ਹੋਮਿਓਪੈਥਿਕ ਦਵਾਈਆਂ ਨਾਲ ਸਹਾਇਤਾ ਹੋ ਸਕਦੀ ਹੈ। ਸੰਤਾਨ ਦੇ ਚਾਹਵਾਨ ਜੋੜਿਆਂ ਨੂੰ ਆਸਵੰਦ ਹੋ ਕੇ ਆਪਣਾ ਇਲਾਜ ਕਰਵਾਉਣਾ ਚਾਹੀਦਾ ਹੈ। ਚੜ੍ਹਦੀ ਕਲਾ ਵਿੱਚ ਰਹਿਣ ਦਾ




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579

ਇਲਾਜ ਦੀ ਅਸਰਦਾਇਕਤਾ ਨਾਲ ਸਿੱਧਾ ਸੰਬੰਧ ਹੈ।

2.ਸੁਭਾਵਕ ਗਰਭਪਾਤ (ਮਿਸਕੈਰੇਜ - ਸਪੌਨਟੇਨੀਅਸ ਅਬੌਰਸ਼ਨ) : ਕਈ ਔਰਤਾਂ ਨੂੰ ਆਪਣੇ ਆਪ ਹੀ ਗਰਭਪਾਤ ਹੋ ਜਾਂਦਾ ਹੈ। ਕਈ ਕੇਸਾਂ ਵਿੱਚ ਅਜਿਹੇ ਗਰਭਪਾਤ ਦਾ ਪਤਾ ਵੀ ਨਹੀਂ ਚਲਦਾ। ਗਰਭ ਦੇ ਪਹਿਲੇ ਤਿੰਨ ਮਹੀਨਿਆਂ ਦੌਰਾਨ ਕਈ ਵਾਰੀ ਜ਼ਿਆਦਾ ਖ਼ੂਨ ਜਾਣ ਨਾਲ ਵੀ ਗਰਭਪਾਤ ਹੋ ਸਕਦਾ ਹੈ। ਸੁਭਾਵਕ ਗਰਭਪਾਤ ਦਾ ਕੋਈ ਇੱਕ ਕਾਰਣ ਨਹੀਂ ਹੁੰਦਾ। ਮਾਹਰ ਡਾਕਟਰ ਦੀ ਸਲਾਹ ਤੋਂ ਬਿਨਾ ਕਾਫ਼ੀ ਮਾਤਰਾ ਵਿੱਚ ਤੇਜ਼ ਅਦਰ ਵਾਲੀਆਂ ਦਵਾਈਆਂ ਖਾਣ, ਤੇਜ਼ ਬੁਖ਼ਾਰ, ਪੇਟ ਉੱਪਰ ਸੱਟ ਲੱਗਣ, ਵਾਰ-ਵਾਰ ਐਕਸ-ਰੇਅ ਕਿਰਣਾਂ ਦੇ ਪ੍ਰਭਾਵ ਹੇਠ ਆਉਣਾ, ਗ੍ਰੰਥੀਆਂ ਵਿੱਚ ਵਿਗਾੜ, ਬੱਚੇਦਾਨੀ ਵਿੱਚ ਜਾਂ ਇਸ ਦੇ ਆਸ-ਪਾਸ ਰਸੌਲੀਆਂ ਹੋਣ ਅਤੇ ਯੋਨੀ ਵਿੱਚ ਕਈ ਔਜ਼ਾਰ ਪਾ ਕੇ ਵਾਰ-ਵਾਰ ਪਰੀਖਣ ਕਰਨ ਨਾਲ ਵੀ ਗਰਭਪਾਤ ਹੋ ਸਕਦਾ ਹੈ। ਮਾਹਰ ਡਾਕਟਰਾਂ ਦੀ ਇਹ ਰਾਇ ਵੀ ਹੈ ਕਿ ਜਿਨ੍ਹਾਂ ਗਰਭਵਤੀ ਔਰਤਾਂ ਨੂੰ ਵੱਧ ਬਲੱਡ ਪ੍ਰੈਸ਼ਰ, ਗੁਰਦਿਆਂ ਦਾ ਕੋਈ ਰੋਗ, ਸ਼ੂਗਰ, ਦਿਲ ਜਾਂ ਫੇਫੜਿਆਂ ਦੀ ਕੋਈ ਸਮੱਸਿਆ - ਜਿਸ ਕਰਕੇ ਗਰਭ ਵਿੱਚ ਪਲ ਰਹੇ ਬੱਚੇ ਨੂੰ ਪੂਰੀ ਆਕਸੀਜਨ ਨਾ ਮਿਲਦੀ ਹੋਵੇ - ਦੇ ਕਾਰਣ ਵੀ ਗਰਭਪਾਤ ਹੋ ਸਕਦਾ ਹੈ। ਕਈ ਔਰਤਾਂ ਨੂੰ ਤਿੰਨ-ਚਾਰ ਵਾਰ ਸੁਭਾਵਕ ਗਰਭਪਾਤ ਹੋ ਜਾਂਦਾ ਹੈ। ਅਜਿਹਾ ਹਾਰਮੋਨ ਦੀ ਕਮੀ ਜਾਂ ਅਸਮਾਨਤਾ, ਖ਼ਾਸ ਕਰਕੇ ਥਾਇਰੌਇਡ ਗ੍ਰੰਥੀ ਦੁਆਰਾ ਆਪਣਾ ਕੰਮ ਠੀਕ ਨਾ ਕਰਨ ਕਾਰਣ ਹੁੰਦਾ ਹੈ। ਬਾਰ-ਬਾਰ ਹੋਣ ਵਾਲੇ ਸੁਭਾਵੀ ਗਰਭਪਾਤ ਦੇ ਕੇਸਾਂ ਵਿੱਚ ਪੀੜਤ ਔਰਤ ਦੇ ਮਨ ਵਿੱਚ ਇੱਕ ਡਰ ਬੈਠ ਜਾਂਦਾ ਹੈ ਕਿ ਇਸ ਵਾਰੀ ਦੀ ਗਰਭ ਧਾਰਣ ਨਾਲ ਵੀ ਮੈਨੂੰ ਉਸ ਤਰ੍ਹਾਂ ਨਾ ਹੋ ਜਾਵੇ। ਕਈਆਂ ਨੂੰ ਬਾਰ-ਬਾਰ ਗਰਭਪਾਤ ਹੋਣ ਨਾਲ ਮਾਨਸਿਕ ਪੱਧਰ ਉੱਤੇ ਕਈ ਤਰ੍ਹਾਂ ਦੇ ਅਣਸੁਖਾਵੇਂ ਹਾਲਾਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰਿਸ਼ਤੇਦਾਰਾਂ ਅਤੇ ਪਰਿਵਾਰਕ ਮੈਂਬਰਾਂ ਦੀ ਅਨਪੜ੍ਹਤਾ ਵਿੱਚੋਂ ਉਪਜੀ ਅਗਿਆਨਤਾ ਵਜੋਂ ਕਈ ਕੇਸਾਂ ਵਿੱਚ ਮਾਹਰ ਸਲਾਹ ਲੈਣ ਦੀ ਥਾਂ ਅਖੌਤੀ ਬਾਬਿਆਂ ਕੋਲ ਜਾ ਕੇ ਪਖੰਡ ਜਾਂ ਝਾੜ-ਫੂਕ ਦਾ ਸਹਾਰਾ ਲਿਆ ਜਾਂਦਾ ਹੈ। ਜਿਹੜੀ ਮੈਡੀਕਲ ਸਮੱਸਿਆ ਮਾਹਰ ਡਾਕਟਰ ਠੀਕ ਕਰਨ ਦੀ ਸਮਰੱਥਾ ਰੱਖਦੇ ਹਨ ਉਸ ਨੂੰ ਇਸ ਤਰ੍ਹਾਂ ਅਣਗੌਲਿਆਂ ਕਰ ਦਿੱਤਾ ਜਾਂਦਾ ਹੈ। ਅਜਿਹੇ ਕੇਸਾਂ ਤੋਂ ਪੀੜਤਾਂ ਨੂੰ ਚਾਹੀਦਾ ਹੈ ਕਿ ਸਭ ਤੋਂ ਪਹਿਲਾਂ ਸਮਰੱਥ ਪੇਸ਼ਾਵਰ ਸਿਹਤ ਪ੍ਰਦਾਨਕਰਤਾ ਦੀ ਸੇਵਾਵਾਂ ਦਾ ਹੀ ਲਾਭ ਲਿਆ ਜਾਵੇ। ਬਾਰ-ਬਾਰ ਹੋਣ ਵਾਲੇ ਸੁਭਾਵਕ ਗਰਭਪਾਤ ਵਿੱਚ ਹੋਮਿਓਪੈਥਿਕ ਦਵਾਈਆਂ ਰਾਹੀਂ ਮਦਦ ਹੋ ਸਕਦੀ ਹੈ। ਅਸੀਂ ਨੈਚੂਰਲ ਹੋਮਿਓਪੈਥਿਕ ਸੌਲਿਊਸ਼ਨਜ਼ ਇੰਕ. ਵਿਖੇ ਅਸੀਂ ਮਾਨਸਿਕ, ਜਜ਼ਬਾਤੀ ਲੱਛਣਾਂ ਦਾ ਸਰੀਰਕ ਬਿਮਾਰੀ ਨਾਲ ਤਾਲਮੇਲ ਕਰਦੇ ਹੋਏ ਹੋਮਿਓਪੈਥਿਕ ਸਿਧਾਂਤਾਂ ਅਨੁਸਾਰ “ਕਾਂਸਟੀਚਿਊਸ਼ਨਲ ਹੋਮਿਓਪੈਥਿਕ ਦਵਾਈ” ਦੀ ਚੋਣ ਕਰਦੇ ਹਾਂ। ਨੈਚੂਰਲ ਹੋਮਿਓਪੈਥਿਕ ਸੌਲਿਊਸ਼ਨਜ਼ ਇਨਕਾਰਪੋਰੇਸ਼ਨ ਵਿਖੇ ਪੀੜਤ ਔਰਤ ਲਈ ਕਾਂਸਟੀਚਿਊਸ਼ਨਲ ਦਵਾਈ ਦੀ ਚੋਣ ਕਰਦੇ ਹਾਂ।


ਨਸ਼ਿਆਂ ਤੋਂ ਛੁਟਕਾਰਾ ਪਾਉ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।






*Night and Day Recovery Centre*

Surrey's Choice Rehabilitation Centre

C: 778-855-3172, F: 778-395-4113

14688-106 Ave. Surrey BC

info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ ਪੰਜਾਬੀਆਂ ਦਾ ਜਿਊਲਰੀ ਸਟੋਰ

ਹਾਈ ਕਲਾਸ ਜਿਊਲਰ

ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ ਵਿੱਚ ਮਸ਼ਹੂਰ ਨਾਮ ਜਿੱਥੋਂ ਤੁਸੀਂ ਮਨਪਸੰਦ ਜਿਊਲਰੀ ਖਰੀਦ ਸਕਦੇ ਹੋ


6570 - Main St., (Between 49th & 50th) Vancouver BC

Ph: 604-327-3132

FAX: 604-327-0335

# ਸੈਕਰਾਮੈਂਟੋ ਦੇ ਨਗਰ ਕੀਰਤਨ ਵਿਚ ਸ਼ਰਾਰਤੀਆਂ ਪਾਇਆ ਖ਼ਲ਼ਲ਼:ਸੰਗਤਾਂ ਵਿੱਚ ਰੋਸ

ਸੈਕਰਾਮੈਂਟੋ: ਭਾਵੇਂ ਗੁਰੂਦਵਾਰਾ ਪ੍ਰਬੰਧਕਾਂ ਵੱਲੋਂ ਸਿਕਿਉਰਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ ਪਰ ਫੇਰ ਵੀ ਬਾਹਰੋਂ ਆਏ ਸ਼ਰਾਰਤੀ ਅਨਸਰਾਂ ਵੱਲੋਂ ਪੁਰ ਸਕੂਨ ਚਲ ਰਹੇ ਧਾਰਮਿਕ ਸਮਾਗਮ ਵਿੱਚ ਖਲਲ ਪਾਇਆ ਗਿਆ। ਇਹ ਮੰਦਭਾਗਾ ਹੈ ਕਿ ਕੁਝ ਕੁ ਗੁੰਮਰਾਹ ਲੋਕਾਂ ਨੇ ਧਾਰਮਿਕ ਸਮਾਗਮ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ ਸੀ। ਮਿਲੀ ਜਾਣਕਾਰੀ ਅਨੁਸਾਰ ਇਹ ਝਗੜਾ ਬਾਹਰੋਂ ਆਏ ਦੋ ਧੜਿਆ ਵਿਚਕਾਰ ਹੋਇਆ ਤੇ ਇਸ ਦੌਰਾਨ ਗੋ਼ਲੀ ਚੱਲਣ ਨਾਲ ਦੋ ਵਿਅਕਤੀ ਜ਼ਖਮੀ ਹੋਏ। ਪਤਾ ਲੱਗਾ ਹੈ ਕਿ ਇਹ ਗੋਲਾਬਾਰੀ ਵਿਚ ਇੰਦਰਰਾਜ ਸਿੰਘ ਉਰਫ਼ ਫ਼ੌਜੀ ਤੇ ਤਨਵੀਰ ਸਿੰਘ ਉਰਫ਼ ਤਰਨੀ ਜ਼ਖਮੀ ਹੋ ਗਏ। ਇਸ ਮੌਕੇ ਇੰਦਰਰਾਜ ਸਿੰਘ ਫ਼ੌਜੀ ਦੇ ਗਲੇ ਵਿਚ ਗੋਲੀ ਲੱਗੀ ਜਦੋ ਕੇ ਤਨਵੀਰ ਸਿੰਘ ਤਰਨੀ ਦੇ ਲੱਕ ਵਿਚ ਗੋਲੀ ਵੱਜੀ ਦਸੀ ਜਾਂਦੀ ਹੈ।ਇਥੇ ਇਹ ਵੀ ਵਰਣਨ ਯੋਗ ਹੈ ਕਿ ਇਨ੍ਹਾਂ ਧੜਿਆਂ ਨੇ ਸਟਾਕਟਨ ਗੁਰਦੁਆਰੇ ਦੇ ਸਮਾਗਮ ਦੌਰਾਨ ਵੀ ਗੋਲਾਬਾਰੀ ਕੀਤੀ ਸੀ। ਗੰਭੀਰ ਜ਼ਖਮੀ ਹੋਇਆ ਇੰਦਰਾਜ ਫੌਜੀ ਕੋਲੋ ਪਹਿਲਾ ਵੀ ਅਸਲਾ ਬਰਾਮਬਦ ਹੋ ਚੁੱਕਾ ਹੈ ਤੇ ਉਸਦੇ ਪਹਿਲਾਂ ਹੀ ਲੱਤ ਵਿਚ ਕੜਾ ਪਾਇਆ ਹੋਇਆ ਸੀ ਭਾਵ ਉਹ ਪਹਿਲਾਂ ਹੀ ਆਪਣਾ ਏਰੀਆ ਛੱਡ ਕੇ ਦੂਜੀ ਜਗ੍ਹਾ ਨਹੀਂ ਜਾ ਸਕਦਾ ਸੀ ਪਰ ਪਤਾ ਲੱਗਾ ਉਹ ਝਗੜੇ ਤੋਂ ਸਿਰਫ 10 ਮਿੰਟ ਪਹਿਲਾ ਹੀ ਗੁਰੂਦਵਾਰਾ ਸਾਹਿਬ ਵਿਚ ਆਇਆ ਸੀ।ਜਾਣਕਾਰੀ ਅਨੁਸਾਰ ਦੋਨੋਂ ਧਿਰਾਂ ਦੇ ਆਪਸ ਵਿਚ ਬਹਿਸ ਹੋਈ ਅਤੇ ਉਸ ਤੋਂ ਬਾਅਦ ਉਨ੍ਹਾਂ ਨੇ ਆਪਣੀਆਂ ਗੱਡੀਆਂ ਵਿਚੋਂ ਗੰਨਾਂ ਲਿਆਦੀਆਂ। ਮਿਲੇ ਸਬੂਤਾਂ ਤੋਂ ਇਸ ਮੌਕੇ ਚਾਰ ਗੋਲੀਆਂ ਦੇ ਖੋਲ ਮਿਲੇ ਜੋ ਫ਼ਰੰਜੀਵਲ ਦੇ ਫਾਇਅਰ ਸਨ। ਇਹ ਵੀ ਜਾਣਕਾਰੀ ਮਿਲੀ ਹੈ ਜਿਨ੍ਹਾਂ ਨੇ ਓਥੇ ਗੋਲਾਬਾਰੀ ਕੀਤੀ ਓਹਨਾ ਵਿਚੋਂ ਦੋ ਤੋਂ ਵੱਧ ਮੁਜ਼ਰਮ ਫਰਾਰ ਹਨ ਭਾਵੇਂ ਕਿ ਪੁਲਿਸ ਨੇ ਸ਼ੱਕੀ ਲੜਕਿਆਂ ਨੂੰ ਫੜ ਲਿਆ ਸੀ।ਉਹਨਾਂ ਵਿਚੋਂ ਇਕ ਲੜਕਾ (ਨਾਮ ਨਸ਼ਰ ਨਹੀਂ ਕਰ ਰਹੇ ਨਾਮ ਗੁਪਤ ਹੈ) ਜੋ ਮਹਿਜ਼ 15 ਸਾਲ ਦਾ ਹੈ ਫੜਿਆ ਗਿਆ।ਉਸ ਤੋਂ ਇਲਾਵਾ ਚਾਰ ਹੋਰ ਲੜਕਿਆਂ ਨੂੰ ਫੜਿਆ ਤੇ ਤਫ਼ਤੀਸ਼ ਕਰਨ ਤੋਂ ਬਾਅਦ ਛੱਡ ਦਿੱਤਾ। ਘਟਨਾ ਵਾਲੀ ਥਾਂ ਉਤੇ ਕਾਫ਼ੀ ਖ਼ੂਨ ਡੁਲਿਆ ਹੁਇਆ ਸੀ ਅਤੇ ਬਹੁਤ ਸਾਰਾ ਸਮਾਨ ਤੇ ਜੁੱਤੀਆਂ ਖਿੱਲਰੀਆਂ ਪਈਆਂ ਸਨ।ਜੋ ਕਿ ਪੁਲਿਸ ਤਫਤੀਸ਼ ਤੋਂ ਬਾਅਦ ਪ੍ਰਬੰਧਕਾਂ ਵਲੋਂ ਸਾਫ਼ ਕੀਤਾ ਗਿਆ। ਇਸ ਘਟਨਾ ਦੀ ਸੋਸ਼ਲ ਮੀਡੀਆ ਉਤੇ ਵਿਸ਼ਵ ਵਿਆਪੀ ਨਿੰਦਾ ਕੀਤੀ ਗਈ ਹੈ ਕਿਉਂਕਿ ਕੁਝ ਕੁ ਸ਼ਰਾਰਤੀ ਅਨਸਰਾਂ ਵਲੋਂ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇ ਕੇ ਪੂਰੇ ਸਿੱਖ ਭਾਈਚਾਰੇ ਨੂੰ ਬਦਨਾਮ ਕਰਦੇ ਹਨ। ਸਥਾਨਕ ਅੰਗਰੇਜ਼ੀ ਮੀਡੀਆ ਨੇ ਵੀ ਇਸ ਘਟਨਾ ਨੂੰ ਨਗਰ ਕੀਰਤਨ ਤੋਂ ਅਲੱਗ ਦਸਿਆ।



ਇਸ ਘਟਨਾ ਤੋਂ ਬਾਅਦ ਪੁਲਿਸ ਵਲੋਂ ਗੁਰਦਵਾਰਾ ਸਾਹਿਬ ਦੀ ਹਦੂਦ ਨੂੰ ਕੁਝ ਘੰਟਿਆਂ ਲਈ ਬੰਦ ਕਰ ਦਿੱਤਾ ਗਿਆ ਤੇ ਪੁਲੀਸ ਵੱਲੋਂ ਸੰਗਤ ਨੂੰ ਹੈਲੀਕਾਪਟਰ ਤੋਂ ਅਨਾਊਂਸ ਕਰ ਕੇ ਘਰੇ ਜਾਣ ਲਈ ਕਿਹਾ ਪਰ ਕੁਝ ਸਮੇਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਦੇਹ ਨੂੰ ਮੁੜ ਗੁਰੂ ਘਰ ਲਿਆਉਣ ਦੀ ਇਜਾਜ਼ਤ ਦੇ ਦਿੱਤੀ ਗਈ।ਬਿਨਾਂ ਸ਼ੱਕ ਇਸ ਘਟਨਾ ਤੋਂ ਬਾਅਦ ਸਾਰੀ ਸੰਗਤ ਅਤੇ ਪ੍ਰਬੰਧਕਾਂ ਦੀਆਂ ਅੱਖਾਂ ਵਿੱਚੋਂ ਹੰਝੂ ਵਗਦੇ ਦੇਖੇ ਗਏ ਜਿਨ੍ਹਾਂ ਨੇ ਹਰ ਦੇਖਣ ਵਾਲੇ ਦੇ ਸੀਨੇ ਨੂੰ ਪਸੀਜ਼ ਕੇ ਰੱਖ ਦਿੱਤਾ।

# ਮੀਡੀਆ ਟ੍ਰਾਇਲ ਅਦਾਲਤ ਦੇ ਫੈਸਲੇ ਤੋਂ ਪਹਿਲਾਂ ਹੀ ਵਿਅਕਤੀ ਨੂੰ ਦੋਸ਼ੀ ਠਹਿਰਾਉਂਦੀ ਹੈ:ਚੀਫ ਜਸਟਿਸ ਚੰਦਰਚੂੜ

ਨਵੀਂ ਦਿੱਲੀ— ਭਾਰਤ ਦੇ ਚੀਫ਼ ਜਸਟਿਸ ਡੀਵਾਈ ਚੰਦਰਚੂੜ ਨੇ ਇੱਕ ਪ੍ਰੋਗਰਾਮ ਦੌਰਾਨ ਕਿਹਾ ਕਿ ਪ੍ਰੈਸ ਰਾਜ ਦੇ ਸੰਕਲਪ ਵਿੱਚ ਚੌਥਾ ਥੰਮ ਹੈ। ਇੱਕ ਸਿਹਤਮੰਦ ਲੋਕਤੰਤਰ ਨੂੰ ਇੱਕ ਸੰਸਥਾ ਵਜੋਂ ਪੱਤਰਕਾਰੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ ਜੋ ਸੱਤਾ ਵਿੱਚ ਰਹਿਣ ਵਾਲਿਆਂ ਨੂੰ ਸਖ਼ਤ ਸਵਾਲ ਪੁੱਛ ਸਕਦਾ ਹੈ। ਜਦੋਂ ਪ੍ਰੈਸ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਂਦਾ ਹੈ, ਤਾਂ ਕਿਸੇ ਵੀ ਲੋਕਤੰਤਰ ਦੀ ਜੀਵੰਤਤਾ ਨਾਲ ਸਮਝੌਤਾ ਕੀਤਾ ਜਾਂਦਾ ਹੈ।

ਉਨ੍ਹਾਂ ਅੱਗੇ ਕਿਹਾ, 'ਜਦੋਂ ਪ੍ਰੈਸ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਂਦਾ ਹੈ, ਤਾਂ ਕਿਸੇ ਵੀ ਲੋਕਤੰਤਰ ਦਾ ਘਾਣ ਕੀਤਾ ਜਾਂਦਾ ਹੈ। ਜੇਕਰ ਕਿਸੇ ਦੇਸ਼ ਨੇ ਲੋਕਤੰਤਰੀ ਰਹਿਣਾ ਹੈ ਤਾਂ ਪ੍ਰੈੱਸ ਨੂੰ ਆਜ਼ਾਦ ਰਹਿਣਾ ਚਾਹੀਦਾ ਹੈ।

ਜ਼ਿੰਮੇਵਾਰ ਪੱਤਰਕਾਰੀ ਦੇ ਸੰਦਰਭ ਵਿੱਚ ਉਨ੍ਹਾਂ ਕਿਹਾ, 'ਇਹ ਉਹ ਇੰਜਣ ਹੈ ਜੋ ਲੋਕਤੰਤਰ ਨੂੰ ਸੱਚ, ਨਿਆਂ ਅਤੇ ਬਰਾਬਰੀ ਦੀ ਖੋਜ ਦੇ ਆਧਾਰ 'ਤੇ ਅੱਗੇ ਲੈ ਜਾਂਦਾ ਹੈ। ਜਦੋਂ ਅਸੀਂ ਡਿਜੀਟਲ ਸਮਿਆਂ ਦੀਆਂ ਚੁਣੌਤੀਆਂ ਵਿੱਚੋਂ ਗੁਜ਼ਰ ਰਹੇ ਹੁੰਦੇ ਹਾਂ, ਇਹ ਸਭ ਤੋਂ ਵੱਧ ਮਹੱਤਵਪੂਰਨ ਹੋ ਜਾਂਦਾ ਹੈ ਕਿ ਪੱਤਰਕਾਰ ਆਪਣੀ ਰਿਪੋਰਟਿੰਗ ਵਿੱਚ ਸ਼ੁੱਧਤਾ, ਨਿਰਪੱਖਤਾ ਅਤੇ ਜ਼ਿੰਮੇਵਾਰੀ ਦੇ ਮਿਆਰਾਂ ਨੂੰ ਕਾਇਮ ਰੱਖਣ।

ਇਸ ਦੇ ਨਾਲ ਹੀ ਮੀਡੀਆ ਟਰਾਇਲਾਂ ਤੋਂ ਪੈਦਾ ਹੋਣ ਵਾਲੇ ਖ਼ਤਰਿਆਂ ਦੀ ਨਿਸ਼ਾਨਦੇਹੀ ਕਰਦਿਆਂ ਉਨ੍ਹਾਂ ਕਿਹਾ, 'ਸਾਡੀ ਪ੍ਰਣਾਲੀ ਨੂੰ ਪ੍ਰਭਾਵਿਤ ਕਰਨ ਵਾਲੇ ਪ੍ਰਮੁੱਖ ਮੁੱਦਿਆਂ 'ਚੋਂ ਇੱਕ ਮੀਡੀਆ ਟ੍ਰਾਇਲ ਹੈ। ਨਿਰਦੋਸ਼ ਹੋਣ ਦੀ ਧਾਰਨਾ ਇਹ ਮੰਨਦੀ ਹੈ ਕਿ ਇੱਕ ਵਿਅਕਤੀ ਨੂੰ ਉਦੋਂ ਤੱਕ ਨਿਰਦੋਸ਼ ਮੰਨਿਆ ਜਾਂਦਾ ਹੈ ਜਦੋਂ ਤੱਕ ਅਦਾਲਤ ਦੁਆਰਾ ਦੋਸ਼ੀ ਨਹੀਂ ਠਹਿਰਾਇਆ ਜਾਂਦਾ। ਇਹ ਕਾਨੂੰਨ ਅਤੇ ਕਾਨੂੰਨੀ ਪ੍ਰਕਿਰਿਆਵਾਂ ਦਾ ਇੱਕ ਮਹੱਤਵਪੂਰਨ ਪਹਿਲੂ ਹੈ।

"ਹਾਲਾਂਕਿ, ਅਜਿਹੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਹਨ ਜਦੋਂ ਮੀਡੀਆ ਨੇ ਅਜਿਹਾ ਬਿਰਤਾਂਤ ਤਿਆਰ ਕੀਤਾ ਜਿਸ ਨਾਲ ਵਿਅਕਤੀ ਨੂੰ ਅਦਾਲਤ ਦੁਆਰਾ ਦੋਸ਼ੀ ਠਹਿਰਾਏ ਜਾਣ ਤੋਂ ਪਹਿਲਾਂ ਹੀ ਲੋਕਾਂ ਦੀਆਂ ਨਜ਼ਰਾਂ ਵਿੱਚ ਦੋਸ਼ੀ ਬਣਾ ਦਿੱਤਾ ਗਿਆ। ਇਸ ਨਾਲ ਪ੍ਰਭਾਵਿਤ ਲੋਕਾਂ ਦੇ ਜੀਵਨ ਅਤੇ ਉਚਿਤ ਪ੍ਰਕਿਰਿਆ 'ਤੇ ਲੰਬੇ ਸਮੇਂ ਦੇ ਪ੍ਰਭਾਵ ਹੋ ਸਕਦੇ ਹਨ।ਸੀਜੇਆਈ ਨੇ ਕਿਹਾ, "ਨਾਗਰਿਕ ਹੋਣ ਦੇ ਨਾਤੇ, ਅਸੀਂ ਕਿਸੇ ਪੱਤਰਕਾਰ ਦੁਆਰਾ ਕੀਤੀ ਰਿਪੋਰਟ ਜਾਂ ਕੱਢੇ ਗਏ ਸਿੱਟੇ ਨਾਲ ਸਹਿਮਤ ਨਹੀਂ ਹੋ ਸਕਦੇ। ਮੈਂ ਆਪਣੇ ਆਪ ਨੂੰ ਕਈ ਪੱਤਰਕਾਰਾਂ ਨਾਲ ਅਸਹਿਮਤ ਵੀ ਪਾਉਂਦਾ ਹਾਂ। ਆਖ਼ਰਕਾਰ, ਸਾਡੇ ਵਿੱਚੋਂ ਕੌਣ ਹਰ ਕਿਸੇ ਨਾਲ ਸਹਿਮਤ ਹੈ? ਪਰ ਅਸਹਿਮਤੀ ਨੂੰ ਨਫ਼ਰਤ ਵਿੱਚ ਨਹੀਂ ਬਦਲਣਾ ਚਾਹੀਦਾ ਅਤੇ ਨਫ਼ਰਤ ਨੂੰ ਹਿੰਸਾ ਵਿੱਚ ਬਦਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

# ਕਾਂਗਰਸ ਨੂੰ 'ਸੰਜੀਦਾ ਅੰਤਰਝਾਤ' ਦੀ ਲੋੜ:ਭਾਜਪਾ

ਨਵੀਂ ਦਿੱਲੀ:ਭਾਜਪਾ ਨੇ ਰਵਾਇਤੀ ਵਿਰੋਧੀ ਕਾਂਗਰਸ ਨੂੰ 'ਸੰਜੀਦਾ ਅੰਤਰਝਾਤ' ਦੀ ਸਲਾਹ ਦਿੱਤੀ ਹੈ। ਭਾਜਪਾ ਨੇ ਕਿਹਾ ਕਿ ਕਾਂਗਰਸ ਉਹੀ ਗੱਲ ਕਰੇ, ਜੋ ਸਿਆਸੀ ਤੇ ਕਾਨੂੰਨੀ ਪ੍ਰਬੰਧ ਵਿੱਚ ਸਵੀਕਾਰਯੋਗ ਹੈ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਇਹ ਟਿੱਪਣੀਆਂ ਅਜਿਹੇ ਮੌਕੇ ਕੀਤੀਆਂ ਹਨ, ਜਦੋਂ ਕਾਂਗਰਸ ਨੇ ਰਾਹੁਲ ਗਾਂਧੀ ਦੀ ਲੋਕ ਸਭਾ ਮੈਂਬਰੀ ਖਾਰਜ ਕੀਤੇ ਜਾਣ ਤੇ ਅਡਾਨੀ ਮਸਲੇ 'ਤੇ ਦੇਸ਼ਵਿਆਪੀ ਅੰਦੋਲਨ ਵਿੱਢਿਆ ਹੋਇਆ ਹੈ। ਪੁਰੀ ਨੇ ਕਿਹਾ, ''ਉਨ੍ਹਾਂ ਨੂੰ ਸੱਚਮੁੱਚ ਸੰਜੀਦਾ ਅੰਤਰਝਾਤ ਦੀ ਲੋੜ ਹੈ। ਤੁਹਾਨੂੰ ਮਰਿਯਾਦਾ ਦੀ ਹੱਦ ਬਾਰੇ ਪਤਾ ਹੈ, ਸਿਆਸੀ ਤੇ ਕਾਨੂੰਨੀ ਪ੍ਰਬੰਧ ਵਿੱਚ ਕੀ ਸਵੀਕਾਰਯੋਗ ਹੈ। ਉਸ (ਰਾਹੁਲ ਗਾਂਧੀ) ਨੂੰ ਕੋਰਟ ਨੇ ਸਜ਼ਾ ਦਿੱਤੀ ਹੈ। ਮਗਰੋਂ ਕੁਝ ਸਵੈਚਾਲਿਤ ਪ੍ਰਕਿਰਿਆਵਾਂ ਹੁੰਦੀਆਂ ਹਨ। ਅਤੇ ਮਗਰੋਂ ਅਜਿਹੇ ਜਜ਼ਬਾਤੀ ਬਿਆਨ? ਮੇਰਾ ਮਤਲਬ ਹੈ ਕਿ ਉਹ ਜੋ ਹਨ, ਭਾਰਤ ਦੇ ਲੋਕ ਉਨ੍ਹਾਂ ਨੂੰ ਉਸੇ ਤਰ੍ਹਾਂ ਜੱਜ ਕਰਨਗੇ।'' ਇਥੇ ਸੰਸਦੀ ਕੰਪਲੈਕਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੁਰੀ ਨੇ ਕਿਹਾ, ''ਇਕ ਦਿਨ ਪਹਿਲਾਂ ਉਸ (ਗਾਂਧੀ ਨੇ) ਕਿਹਾ ਸੀ ਕਿ 'ਮੈਂ ਮੁਆਫ਼ੀ ਨਹੀਂ ਮੰਗਾਂਗਾ ਕਿਉਂਕਿ ਮੈਂ ਸਾਵਰਕਰ ਨਹੀਂ ਹਾਂ।' ਕੀ ਤੁਹਾਨੂੰ ਸਾਵਰਕਰ ਜੀ ਵਰਗੇ ਲੋਕਾਂ ਦੇ ਯੋਗਦਾਨ ਬਾਰੇ ਪਤਾ ਹੈ?'' ਸੂਚਨਾ ਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਰਾਹੁਲ ਗਾਂਧੀ ਤਾਂ ਆਪਣੇ ਸੁਪਨਿਆਂ ਵਿੱਚ 'ਵੀਰ ਸਾਵਰਕਰ' ਨਹੀਂ ਹੋ ਸਕਦੇ ਕਿਉਂ ਜੋ ਅਜ਼ਾਦੀ ਘੁਲਾਟੀਆ ਕਦੇ ਵੀ ਮਹੀਨਿਆਂਬੱਧੀ ਵਿਦੇਸ਼ ਵਿੱਚ ਨਹੀਂ ਰਿਹਾ ਤੇ ਨਾ ਹੀ ਉਨ੍ਹਾਂ ਆਪਣੇ ਹੀ ਮੁਲਕ ਖਿਲਾਫ਼ ਵਿਦੇਸ਼ੀਆਂ ਤੋਂ ਮਦਦ ਮੰਗੀ। ਕੇਂਦਰੀ ਮੰਤਰੀ ਜੀ.ਕਿਸ਼ਨ ਰੈੱਡੀ ਨੇ ਕਿਹਾ ਕਿ ਕਾਂਗਰਸ ਆਗੂ ਨੂੰ ਪਤਾ ਨਹੀਂ ਲੱਗਦਾ ਕਿ ਉਹ ਕੀ ਕਹਿੰਦੇ ਹਨ।


LANGLEY BANQUET HALL




SERVICE AVAILABLE IN SURREY, DELTA, LANGLEY & ALDERGROVE

ਆਪਣੀ ਹਰ ਤਰ੍ਹਾਂ ਦੀ ਪਾਰਟੀ ਜਿਵੇਂ
ਜਨਮ ਦਿਨ
ਕੁੜਮਾਈ
ਵਿਆਹ
ਗ੍ਰੈਜੂਏਸ਼ਨ
ਐਨੀਵਰਸਰੀਜ਼
ਆਫਿਸ ਪਾਰਟੀਜ਼
ਸੈਮੀਵਾਰਜ਼
ਲੈਡੀਜ਼ ਪਾਰਟੀ
ਰੀਸੈਪਸ਼ਨਸ
ਬਿਜ਼ਨਿਸ ਮੀਟਿੰਗਸ

6 DAY TIFFIN SERVICE
4 DAY VEG / 2 DAY NON VEG
1 DAAL 1 SABZI 8 ROTI
WITH RAITA AND DESSERT
220$ a month
OR
6 DAY VEG
1 DAAL 1 SABZI
8 ROTI WITH RAITA AND
DESSERT 200$ month

ਅਸੀਂ ਗੁਰਦੁਆਰਾ ਸਾਹਿਬ/ਮੰਦਰ ਵਿਚਲੇ ਫੰਕਸ਼ਨਾਂ ਲਈ ਵੀ ਕੈਟਰਿੰਗ ਕਰਦੇ ਹਾਂ
ਅਸੀਂ ਘਰ ਆ ਕੇ ਵੀ ਤੰਦੂਰ ਲਗਾ ਸਕਦੇ ਹਾਂ



DAVINDER GREWAL
604.537.9759
3227 264 St. Aldergrovw, BC V4W2X3



AMAYA LIVING



60 LUXURIOUS CONDOS
• 2 decorative colour schemes: Classic (dark) and Contemporary (light)
• Modern, decorative light fixtures • Oversized double glazed windows
• Laminate floor throughout main level, carpet for stairs and bedrooms
• Tile flooring in all bathrooms, entry and laundry • Elegant faucets
• Master walk-in closets • Full size in-suite laundry
• High-capacity CAT-5 wiring with telephone/cable/data outlets throughout
• Pre-wired for cable, internet and phone line on each floor

KITCHEN
• Quartz countertops with under-mount double bowl stainlesssteel sink and removable nozzle spray • Contemporary single lever faucet • Elegant tile backsplash • Sleek cabinets with soft-touch close technology
• Full size stainless steel appliances: refrigerator, stove, dish washer, hood fan and microwave • Garburator

BATHROOM
• Large mirror with light bar • Under-mount porcelain sink with modern single lever faucet • Master with full stand up shower and full height ceramic tiles
• Modern bathroom accessories WARRANTY • 2-5-10 year

PH:778-885.6700
Add:140 St & 108 Ave, Surrey, BC V3T 4N8
E-mail: info@amayaliving.ca

# ਕਾਵਿ ਕਿਆਰੀ

## ਹੋਕਾ

ਹੋਕਾ ਪਿਸ਼ਤੇ ਬਦਾਮ ਕਾਜੂਆਂ ਦਾ,
ਵੇਚੇ ਮੂੰਗਫਲੀ ਖੋਲ੍ਹ ਦੁਕਾਨ ਭਗਤਾ।
ਪਰਜਾ ਭੋਲੀ ਸਾਧ ਦੱਭ ਲੁੱਚਾ,
ਨੇਤਾ ਹਰ ਕੋਈ ਬੜਾ ਸ਼ੈਤਾਨ ਭਗਤਾ।

ਵਜਾ ਡੁਗਡੁਗੀ ਕਰ 'ਕੱਠ ਲਿਆ,
ਖਾਲੀ ਬਗਲੀ ਰੌਲਾ ਅਸਮਾਨ ਭਗਤਾ।
ਮਾਲਕ ਹੋਰ ਕੋਈ ਚੌਧਰ ਹੋਰ ਕਰੇ,
ਦੱਸ ਕਾਹਦਾ ਓਹ ਪ੍ਰਧਾਨ ਭਗਤਾ।

ਜਿਸ ਆਪ ਨੂੰ ਭਾਖਿਆ ਇਲਮ ਨਹੀਂ,
ਦੇਊ ਹੋਰ ਨੂੰ ਕੀ ਗਿਆਨ ਭਗਤਾ।
ਹੁਣ ਚੁਗਣੀ ਪਈ ਐ ਹੋਈ ਔਖੀ,
ਗਿਆ ਬੈਠ ਖਿੰਡਾਅ ਕੇ ਭਾਨ ਭਗਤਾ।

ਪੜ੍ਹਦਾ ਹੋਰ ਪੜ੍ਹਾਈ ਕੁਝ ਹੋਰ ਜਾਵੇ,
ਬੜਾ ਢਿੱਡ ਦਾ ਬੇਈਮਾਨ ਭਗਤਾ।
ਚੌਦੇਂ ਮੱਸਿਆ ਦੋਵੇਂ ਕਰ 'ਕੱਠੀਆਂ
ਵਿੱਚ ਲੱਗਾ ਕਰਨ ਇਸ਼ਨਾਨ ਭਗਤਾ।

ਬਰਾੜ-ਭਗਤਾ ਭਾਈ ਕਾ
001-604-751-1113

## ਗ਼ਜ਼ਲ

ਅੰਬਰ ਦੇ ਵਣਜਾਰੇ ਤੇਰੀ ਚੁੰਨੀ ਵਿਚ।
ਸੂਰਜ ਚੰਨ ਸਿਤਾਰੇ ਤੇਰੀ ਚੁੰਨੀ ਵਿਚ।
ਤੇਜ਼ ਹਵਾ ਨੇ ਕਾਲੇ ਫ਼ਨੀਅਰ ਜ਼ੁਲਫਾਂ ਦੇ,
ਪੁੱਠੇ ਕਰ-ਕਰ ਮਾਰੇ ਤੇਰੀ ਚੁੰਨੀ ਵਿਚ।
ਦੱਬੀ ਅੱਖ ਦਾ ਇੱਕ ਇਸ਼ਾਰਾ ਕਾਫ਼ੀ ਸੀ,
ਕਈ ਜਿਤੇ ਕਈ ਹਾਰੇ ਤੇਰੀ ਚੁੰਨੀ ਵਿਚ।
ਪਿੱਪਲ-ਪੱਤੀਆਂ, ਕੋਕਾ, ਕਾਂਟੇ, ਨੁਕਰਾ, ਨੱਥ,
ਜੰਨਤ ਵਰਗੇ ਲਾਰੇ ਤੇਰੀ ਚੁੰਨੀ ਵਿਚ।
ਬਾਰਿਸ਼ ਦੇ ਵਿਚ ਵਹਿੰਦੇ ਹੋਏ ਦਰਿਆ ਨੇ,
ਡੁਬਦੇ ਪੱਥਰ ਤਾਰੇ ਤੇਰੀ ਚੁੰਨੀ ਵਿਚ।
ਨਾ ਤਲਵਾਰ ਨਾ ਖੰਜਰ ਨਾ ਤੀਰ ਨਾ ਗੰਡਾਸਾ,
ਫਿਰ ਵੀ ਨੇ ਹੱਤਿਆਰੇ ਤੇਰੀ ਚੁੰਨੀ ਵਿਚ।
ਲੱਖ ਭੁਲਾਵਾਂ ਐਪਰ ਅਜਤਕ ਭੁੱਲੇ ਨਈਂ,
ਦਿਨ ਤੇ ਰਾਤ ਗੁਜ਼ਾਰੇ ਤੇਰੀ ਚੁੰਨੀ ਵਿਚ।
ਦੂਰ ਪਹਾੜਾਂ ਵਾਲੀ ਉੱਚੀ ਚੋਟੀ ਚੋਂ,
ਝਰਨਾ ਨੀਰ ਉਤਾਰੇ ਤੇਰੀ ਚੁੰਨੀ ਵਿਚ।
ਲੱਖਾਂ ਮੀਲਾਂ ਤੋਂ ਹੀ ਖ਼ੁਸ਼ਬੂ ਆਉਂਦੀ ਏ,
ਕਿਸ ਨੇ ਫੁੱਲ ਖਿਲਾਰੇ ਤੇਰੀ ਚੁੰਨੀ ਵਿਚ।
ਕੁਦਰਤ ਨੇ ਖ਼ੁਸ਼ਬੂ ਹਾਸੇ, ਖੇੜੇ, ਲੈ ਕੇ,
ਹਾਸੇ ਫਿਰ ਸ਼ਿੰਗਾਰੇ ਤੇਰੀ ਚੁੰਨੀ ਵਿਚ।
ਜੰਗਲਾਂ ਦੇ ਜੰਗਲ ਸਾੜ ਸੁਆ ਕਰ ਦਿੱਤੇ,
ਭਖਦੇ ਸੁਰਖ਼ ਸ਼ਰਾਰੇ ਤੇਰੀ ਚੁੰਨੀ ਵਿਚ।
ਗੜਿਆਂ ਵਾਂਗ ਗਲੇਡੂ ਤੇਰੇ ਡਿੱਗਦੇ ਨੇ,
ਮਿੱਠੇ ਲੂਣੇ ਖਾਰੇ ਤੇਰੀ ਚੁੰਨੀ ਵਿਚ।
ਆਉਂਦੇ ਜਾਂਦੇ ਰਾਹੀ ਇਸ ਵਿਚ ਉਲਝ ਗਏ,
ਨੈਣ ਤਿਰੇ ਕਜਰਾਰੇ ਤੇਰੀ ਚੁੰਨੀ ਵਿਚ।
'ਬਾਲਮ' ਦੇ ਪ੍ਰਤੀਕਾਂ-ਬਿੰਬਾਂ ਵਾਲੇ ਸ਼ਿਅਰ,
ਕਿੰਨੇ ਪਿਆਰੇ-ਪਿਆਰੇ ਤੇਰੀ ਚੁੰਨੀ ਵਿਚ।

ਬਲਵਿੰਦਰ ਬਾਲਮ ਗੁਰਦਾਸਪੁਰ

## ਮਾਂ ਬੋਲੀ

ਮਾਂ ਬੋਲੀ ਬਿਨਾਂ ਕੌਣ ਲੋਰੀਆਂ ਸੁਣਾਵੇਗਾ
ਕੌਣ ਸਾਡੇ ਦਿਲਾਂ ਵਾਲੇ ਵਿਹੜੇ ਰੁਸ਼ਨਾਵੇਗਾ
ਗ਼ਮਾਂ ਦੁੱਖਾਂ ਹਉਕਿਆਂ ਦੇ ਸਾਗਰ ਸੰਭਾਲ ਕੇ
ਖ਼ੁਸ਼ੀਆਂ ਤੇ ਚਾਅਵਾਂ ਵਾਲੇ ਦੀਵੇ ਬੂਹੇ ਬਾਲ ਕੇ
ਵਾਰਾਂ ਕਿੱਸੇ ਘੋੜੀਆਂ ਸੁਹਾਗ ਕੌਣ ਗਾਵੇਗਾ
ਮਾਂ ਬੋਲੀ ਬਿਨਾਂ...
ਤਲੀ 'ਤੇ ਟਿਕਾ ਕੇ ਜਿੰਦ ਪ੍ਰੀਤ ਕਿੰਝ ਪਾਈਦੀ
ਸਿਦਕਾਂ ਤੇ ਸਿਰਾਂ ਨਾਲ ਕਿਵੇਂ ਹੈ ਨਿਭਾਈਦੀ
ਰਮਜ਼ਾਂ ਕਹਾਵਤਾਂ ਨੂੰ ਕੌਣ ਸਮਝਾਵੇਗਾ
ਮਾਂ ਬੋਲੀ ਬਿਨਾਂ...
ਜਾਬਰਾਂ ਦੀ ਅੱਖ ਵਿਚ ਅੱਖ ਕਿਵੇਂ ਪਾਈਦੀ
ਕੰਡਿਆਂ 'ਤੇ ਤੁਰ ਕਿਵੇਂ ਪੈੜ ਰੁਸ਼ਨਾਈਦੀ
ਬਾਣੀ ਵਾਲੀ ਗੂੰਜ ਕੌਣ ਰੂਹਾਂ 'ਚ ਟਿਕਾਵੇਗਾ
ਮਾਂ ਬੋਲੀ ਬਿਨਾਂ...
ਕਿਹੜੇ ਵੇਲੇ ਸੋਗ ਕਦੋਂ ਸ਼ਗਨ ਮਨਾਉਣੇ ਨੇ
ਕਿਵੇਂ ਜਾ ਵਡੇਰਿਆਂ ਦੇ ਪੈਰੀਂ ਹੱਥ ਲਾਉਣੇ ਨੇ
ਕੌਣ ਉੱਚੀ ਸੁੱਚੀ ਤਹਿਜ਼ੀਬ ਇਹ ਸਿਖਾਵੇਗਾ
ਮਾਂ ਬੋਲੀ ਬਿਨਾਂ.....
ਬੋਲੀ ਮਾਂ ਪੰਜਾਬੀ ਦਾ ਜੇ ਪਿਆਰ ਭੁੱਲ ਜਾਵਾਂਗੇ
ਗੁੰਮੇ ਹੋਏ ਬਾਲਾਂ ਵਾਂਗੂੰ ਸੈਫ਼ੀ ਰੁਲ ਜਾਵਾਂਗੇ
ਸਾਡਿਆਂ ਘਰਾਂ ਦੀ ਸਾਨੂੰ ਦੱਸ ਕੌਣ ਪਾਏਗਾ
ਮਾਂ ਬੋਲੀ ਬਿਨਾਂ...

ਡਾ. ਦੇਵਿੰਦਰ ਸੈਫ਼ੀ
ਸੰਪਰਕ: 94178-26954

## ਮੇਰਾ ਪ੍ਰਮਾਤਮਾ

ਮੇਰਾ ਪਰਮਾਤਮਾ ਬਿਲਕੁਲ
ਪੜ੍ਹਿਆ-ਲਿਖਿਆ ਨਹੀਂ ਹੈ
ਉਸ ਨੂੰ ਸੰਸਕ੍ਰਿਤ ਵੀ ਨਹੀਂ ਆਉਂਦੀ
ਹਿੰਦੀ ਵੀ ਟੁੱਟੀ-ਫੁੱਟੀ ਹੀ ਹੈ ਉਸ ਦੀ
ਪਰ ਮੇਰੇ ਬੋਲਣ 'ਤੇ
ਉਹ ਜਵਾਬ ਦਿੰਦਾ ਹੈ
ਰੋਣ 'ਤੇ ਧਰਵਾਸ
ਅਤੇ ਖ਼ੁਸ਼ ਹੋਣ 'ਤੇ ਗਲ ਨਾਲ ਲਗਾਉਂਦਾ ਹੈ
ਮੇਰਾ ਪਰਮਾਤਮਾ ਕੁਝ ਵੀ ਖਾ ਲੈਂਦਾ ਹੈ
ਸੁੱਕੀ ਰੋਟੀ ਦੇ ਨਾਲ ਲੂਣ-ਮਿਰਚ
ਜਾਂ ਕਦੀ-ਕਦੀ ਥੋੜ੍ਹੀ ਜਿਹੀ ਮਠਿਆਈ ਵੀ
ਪਰ ਖਾਣ ਤੋਂ ਪਹਿਲਾਂ
ਮੇਰਾ ਇੰਤਜ਼ਾਰ ਜ਼ਰੂਰ ਕਰਦਾ ਹੈ
ਮੇਰਾ ਪਰਮਾਤਮਾ ਅਜਰ-ਅਮਰ ਹੈ
ਉਹ ਹੁਣ ਬੁੱਢਾ ਹੋ ਚੁੱਕਿਆ ਹੈ
ਉਸ ਦਾ ਲੱਕ ਦੂਹਰਾ ਹੋ ਗਿਆ ਹੈ
ਅੱਖਾਂ ਵੀ ਮੋਟੀਆਂ ਹੋ ਚੁੱਕੀਆਂ ਹਨ
ਪਰ ਉਹ ਅਜੇ ਵੀ
ਮੈਨੂੰ ਦੂਰ ਤੋਂ ਹੀ ਪਛਾਣ ਲੈਂਦਾ ਹੈ
ਮੇਰਾ ਪਰਮਾਤਮਾ ਸਤਿਆਵਾਦੀ ਨਹੀਂ ਹੈ
ਉਹ ਕਦੀ ਕਦੀ ਮੈਨੂੰ ਝੂਠ ਵੀ ਬੋਲਦਾ ਹੈ
ਕਿ ਉਹਨੂੰ ਰੋਣਾ ਨਹੀਂ ਆਉਂਦਾ
ਮੇਰਾ ਪਰਮਾਤਮਾ ਕੋਈ
ਰਾਜਾ ਜਾਂ ਮਹਾਰਾਜਾ ਨਹੀਂ ਹੈ
ਉਹ ਮੇਰੇ ਵਾਂਗ ਹੀ ਮਜ਼ਦੂਰ ਹੈ
ਅਤੇ ਅਜੇ ਵੀ ਮੇਰੇ ਪਿੱਛੇ ਨਿਕਲ ਜਾਂਦਾ ਹੈ
ਆਪਣੇ ਨੀਵੇਂ ਹੋਏ ਮੋਢਿਆਂ 'ਤੇ ਕੁਦਾਲ ਰੱਖ ਕੇ
ਮੇਰਾ ਪਰਮਾਤਮਾ
ਮਿੱਟੀ ਜਾਂ ਪੱਥਰ ਦਾ ਬਣਿਆ
ਕੋਈ ਪੁਤਲਾ ਨਹੀਂ ਹੈ
ਉਹ ਮੇਰੇ ਵਾਂਗ ਹੱਡ ਮਾਸ ਦਾ ਬਣਿਆ
ਮੇਰਾ ਪਿਤਾ ਹੈ।

ਪੰਕਜ ਕੁਮਾਰ
ਸੰਪਰਕ: 95344-15016

## ਗ਼ਜ਼ਲ

ਚੰਗੇ ਵਿਉਹਾਰ ਦੀ ਗੱਲ
ਆ ਕਰੀਏ ਪਿਆਰ ਦੀ ਗੱਲ
ਸਭ ਦੇ ਦਿਲ ਨੂੰ ਛੂਹ ਜਾਵੇ
ਐਸੇ ਸਤਿਕਾਰ ਦੀ ਗੱਲ
ਮਸਤਕ ਤੋਂ ਮਸਤਕ ਤੀਕਰ
ਡੂੰਘੇ ਵਿਚਾਰ ਦੀ ਗੱਲ
ਮੈਨੂੰ ਨਾ ਚੰਗੀ ਲੱਗੀ
ਤੇਰੇ ਇਨਕਾਰ ਦੀ ਗੱਲ
ਤੈਨੂੰ ਪਰ ਚੰਗੀ ਜਾਪੇ
ਮੇਰੇ ਇਜ਼ਹਾਰ ਦੀ ਗੱਲ
ਜ਼ਿਹਨ ਵਿਚ ਰਹੇ ਹਮੇਸ਼ਾ
ਸਾਈਂ ਕਰਤਾਰ ਦੀ ਗੱਲ
ਬਿਗਾਨੇ ਨੂੰ ਕਰ ਆਪਣਾ
ਛੱਡ ਕੇ ਤਕਰਾਰ ਦੀ ਗੱਲ

ਸੁਨੀਲ ਕੁਮਾਰ 'ਨੀਲ'
ਸੰਪਰਕ: 94184-70707

## ਲੋਕ ਗੀਤ 'ਲੋਰੀ'



ਲੋਰੀ ਲੱਕੜੇ, ਊਂ...ਊਂ...
ਤੇਰੀ ਮਾਂ ਸਦੱਕੜੇ, ਊਂ...ਊਂ...
ਲੋਰ ਮਲੋਰੀ, ਦੁੱਧ-ਕਟੋਰੀ,
ਪੀ ਲੈ ਨਿੱਕਿਆ, ਲੋਕਾਂ ਤੋਂ ਚੋਰੀ।
ਲੋਰੀ ਲੱਕੜੇ, ਊਂ...ਊਂ...
ਮੇਰੀ ਜਾਨ ਸਦੱਕੜੇ, ਊਂ...ਊਂ...
ਲੋਰੀ ਦੇਨੀਂ ਆਂ, ਚੜ੍ਹ ਕੇ ਚੁਬਾਰੇ,
ਨਿੱਕੇ ਦੀ ਮਾਂ ਪਈ ਰਾਜ ਗੁਜ਼ਾਰੇ।
ਲੋਰੀ ਲੱਕੜੇ, ਊਂ...ਊਂ...
ਮੇਰੀ ਜਾਨ ਸਦੱਕੜੇ, ਊਂ...ਊਂ...
ਨਿੱਕੇ ਦੀ ਵਹੁਟੀ ਮੈਂ ਢੂੰਡ ਕੇ ਲੱਭੀ,
ਪੈਰੀਂ ਪਹੁੰਚੀਆਂ, ਵਾਹਵਾ ਫੱਬੀ ।
ਲੋਰੀ ਲੱਕੜੇ, ਊਂ...ਊਂ...
ਮੇਰੀ ਜਾਨ ਸਦੱਕੜੇ, ਊਂ...ਊਂ...


SINGH THIND & ASSOCIATES
#208, 7110 120 Street, Surrey, BC
"ਆਪਣੇ ਭਾਈਚਾਰੇ ਦਾ ਮਾਣ"

*ਕ੍ਰਿਮੀਨਲ ਲਾਅ
*ਸਿਵਲ ਲਾਅ
*ਇੰਮੀਗਰੇਸ਼ਨ
*ਤਲਾਕ

Civil Litigation
*Contract Disputes
*Construction Disputes
*Debt Collection
*Business Disputes
*Builders Lien

Divorce Cases

Criminal Law
*Homicide and Attempted Homecide
*Extradition Matters
*Drug Offences
*Assaults *Sexual Assaults
*Drinking & Driving Offenses
*Theft & Robery
*Offenses related to prostitution

Immigration Law
*Immigration Appeals
*Overseas sponserships of spouses, dependant children and parents
*Inland sponserships of spouses, dependent children and parents
*Provincial Nominee Programs (PNP)
*Skilled Worker Category
*Self-Employed
*Investor and Enterpreneur Immigration
*Work Permits




604.543.3886

SINGH THIND & ASSOCIATES
BARRISTERS & SOLICITORS

# ਤੁਸੀਂ ਉਨੇ ਹੀ ਆਜ਼ਾਦ ਹੋ ਜਿੰਨੇ ਹਿੰਦੂਤਵੀ ਤੁਹਾਨੂੰ ਅਜ਼ਾਦੀ ਦੇਣਗੇ

ਉੱਤਰ ਪ੍ਰਦੇਸ਼ ਦੀ ਮੁਰਾਦਾਬਾਦ ਪੁਲਿਸ ਨੇ ਬਜਰੰਗ ਦਲ ਦੇ ਵਿਰੋਧ ਅਤੇ ਧਮਕੀਆਂ ਦੇ ਬਾਅਦ ਇੱਕ ਮੁਸਲਿਮ ਵਿਅਕਤੀ ਦੁਆਰਾ ਆਪਣੀ ਨਿੱਜੀ ਇਮਾਰਤ ਵਿੱਚ ਆਯੋਜਿਤ ਕੀਤੀ ਜਾ ਰਹੀ ਨਮਾਜ਼ ਨੂੰ ਰੋਕ ਦਿੱਤਾ। ਕੀ ਹੁਣ ਇਹ ਸੱਚ ਨਹੀਂ ਹੈ ਕਿ ਇੱਕ ਮੁਸਲਮਾਨ ਜਾਂ ਈਸਾਈ ਜਾ ਹੋਰ ਘੱਟ ਗਿਣਤੀ ਉਹ ਕੁਝ ਕਰ ਸਕੇਗੀ ਜੋ ਆਰਐਸਐਸ ਜਾ ਕੋਈ ਹੋਰ ਹਿੰਦੂਤਵੀ ਸੰਗਠਨ ਕਹਿਣਗੇ ? ਕੀ ਘੱਟ ਗਿਣਤੀਆਂ ਦਾ ਜੀਵਨ ਅਨਿਸ਼ਚਿਤ ਨਹੀਂ ਹੋ ਗਿਆ ਹੈ?ਰਮਜ਼ਾਨ ਦਾ ਮਹੀਨਾ ਸ਼ੁਰੂ ਹੋ ਗਿਆ ਹੈ। ਹਿੰਦੂਤਵੀ ਜਥੇਬੰਦੀਆਂ ਸਰਗਰਮ ਹੋ ਗਈਆਂ ਹਨ।ਭਾਰਤ ਵਿੱਚ ਦੂਜੇ ਧਰਮਾਂ ਦੇ ਲੋਕ ਹੁਣ ਇਹ ਮੰਨਣ ਲੱਗ ਪਏ ਹਨ ਕਿ ਹਿੰਦੂਤਵੀ ਉਨ੍ਹਾਂ ਪ੍ਰਤੀ ਕਠੋਰ ਹੁੰਦੇ ਜਾ ਰਹੇ ਹਨ।

ਮੁਸਲਮਾਨਾਂ ਲਈ, ਰਮਜ਼ਾਨ ਪਰਹੇਜ਼, ਵਰਤ ਰੱਖਣ, ਜਾਬਤੇ ਅੰਦਰ ਰਹਿਣ ਦਾ ਮਹੀਨਾ ਹੈ। ਰੱਬ, ਅੱਲ੍ਹਾ ਜਾਂ ਖੁਦਾ ਪ੍ਰਤੀ ਸ਼ਰਧਾ ਦੀ ਇਕਾਗਰਤਾ ਦਾ ਪ੍ਰਗਟਾਵਾ ਹੈ।ਪਰ ਹਿੰਦੂਤਵਵਾਦੀਆਂ ਲਈ ਇਹ ਨਵੀਂ ਉਤੇਜਨਾ ਦਾ ਕਾਰਨ ਹੈ ਅਤੇ ਆਪਣੀ ਮੁਸਲਿਮ ਵਿਰੋਧੀ ਨਫਰਤ ਦਿਖਾਉਣ ਦਾ ਨਵਾਂ ਬਹਾਨਾ ਹੈ।

ਮੁਰਾਦਾਬਾਦ ਵਿੱਚ ਬਜਰੰਗ ਦਲ ਨੇ ਇੱਕ ਗੋਦਾਮ ਦੀ ਇਮਾਰਤ ਵਿੱਚ ਨਮਾਜ਼ ਪੜ੍ਹਣ ਵਾਲੇ ਮੁਸਲਿਮ ਖ਼ਿਲਾਫ਼ ਪ੍ਰਦਰਸ਼ਨ ਕੀਤਾ। ਵਰਨਣਯੋਗ ਹੈ ਇਮਾਰਤ ਮੁਸਲਮਾਨਾਂ ਦੀ ਹੈ, ਜਨਤਕ ਜਾਇਦਾਦ ਦੀ ਨਹੀਂ। ਪਰ ਬਜਰੰਗ ਦਲ ਨੂੰ ਇਤਰਾਜ਼ ਹੈ ਕਿ ਇੱਕ ਤੋਂ ਵੱਧ ਪਰਿਵਾਰ ਇਕੱਠੇ ਮਿਲ ਕੇ ਤਰਾਵੀਹ ਕਿਉਂ ਪੜ੍ਹ ਰਹੇ ਹਨ। ਨਮਾਜ਼ ਜਾਂ ਤਰਾਵੀਹ ਕਿਸੇ ਦੇ ਘਰ ਇਕੱਠੇ ਕਿਉਂ ਹੋ ਰਹੀ ਹੈ? ਬਜਰੰਗ ਦਲ ਨੇ ਉਸ ਘਰ ਦੇ ਬਾਹਰ ਰੋਸ ਪ੍ਰਦਰਸ਼ਨ ਕਰਦਿਆਂ ਧਮਕੀ ਦਿੱਤੀ ਕਿ ਜੇਕਰ ਸਮੂਹਿਕ ਤਰਾਵੀਹ ਬੰਦ ਨਾ ਕੀਤੀ ਗਈ ਤਾਂ ਨਤੀਜਾ ਭਿਆਨਕ ਹੋਵੇਗਾ। ਜੇਕਰ ਸਮੂਹਿਕ ਤਰਾਵੀਹ ਜਾਰੀ ਰਹਿੰਦੀ ਹੈ, ਤਾਂ ਉਹ ਉੱਥੇ ਹਨੂੰਮਾਨ ਚਾਲੀਸਾ ਦਾ ਪਾਠ ਕਰਨਗੇ।

ਇਹ ਵੀ ਅਜੀਬ ਗੱਲ ਹੈ ਕਿ ਹਿੰਦੂਤਵਵਾਦੀ ਰਾਮ ਜਾਂ ਹਨੂੰਮਾਨ ਜਾਂ ਉਨ੍ਹਾਂ ਦੇ ਧਾਰਮਿਕ ਗ੍ਰੰਥਾਂ ਨੂੰ ਉਦੋਂ ਹੀ ਯਾਦ ਕਰਦੇ ਹਨ ਜਦੋਂ ਉਨ੍ਹਾਂ ਨੂੰ ਮੁਸਲਮਾਨਾਂ ਜਾਂ ਈਸਾਈਆਂ ਪ੍ਰਤੀ ਆਪਣੀ ਨਫ਼ਰਤ ਜਾਂ ਨਫ਼ਰਤ ਦਾ ਪ੍ਰਗਟਾਵਾ ਕਰਨਾ ਹੁੰਦਾ ਹੈ। ਤਾਂ ਕੀ ਇਹ ਗ੍ਰੰਥ ਧਾਰਮਿਕ ਪ੍ਰੇਰਨਾ ਦਾ ਸਰੋਤ ਹਨ ਜਾਂ ਦੂਜੇ ਧਰਮਾਂ ਵਿਰੁੱਧ ਨਫ਼ਰਤ ਅਤੇ ਹਿੰਸਾ ਲਈ ਇੱਕ ਸਾਧਨ ਜਾਂ ਕਵਰ ਹਨ? ਭਾਰਤ ਵਿੱਚ ਅਜਿਹੇ ਦ੍ਰਿਸ਼ ਆਮ ਹੋ ਗਏ ਹਨ ਜਿਨ੍ਹਾਂ ਵਿਚ ਭਾਰਤੀ ਜਨਤਾ ਪਾਰਟੀ, ਬਜਰੰਗ ਦਲ ਜਾਂ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਲੋਕ ਚਰਚਾਂ ਦੇ ਸਾਹਮਣੇ ਜਾਂ ਸ਼ੁੱਕਰਵਾਰ ਦੀ ਨਮਾਜ਼ ਦੇ ਸਾਹਮਣੇ ਹਨੂੰਮਾਨ ਚਾਲੀਸਾ ਦਾ ਪਾਠ ਕਰ ਰਹੇ ਹਨ ਜਾਂ ਹਿੰਦੂ ਭਜਨ ਗਾ ਰਹੇ ਹਨ।ਪੁਲਿਸ ਨੂੰ ਕੀ ਕਰਨਾ ਚਾਹੀਦਾ ਸੀ? ਨਿਯਮ ਅਨੁਸਾਰ ਬਜਰੰਗ ਦਲ ਦੇ ਲੋਕਾਂ 'ਤੇ ਸ਼ਾਂਤੀ ਭੰਗ ਕਰਨ ਦੇ ਦੋਸ਼ 'ਚ ਮਾਮਲਾ ਦਰਜ ਕਰਕੇ ਉਨ੍ਹਾਂ ਨੂੰ ਸਜ਼ਾ ਦੇਣੀ ਚਾਹੀਦੀ ਹੈ। ਪਰ ਭਾਰਤ ਵਿੱਚ ਇਸ ਦੇ ਬਿਲਕੁਲ ਉਲਟ ਹੈ। ਮੁਰਾਦਾਬਾਦ ਪੁਲਿਸ ਨੇ ਬਜਰੰਗ ਦਲ ਨੂੰ ਨੋਟਿਸ ਦੇਣ ਦੀ ਬਜਾਏ ਆਪਣੀ ਹੀ ਇਮਾਰਤ ਵਿੱਚ ਨਮਾਜ਼ ਪੜ੍ਹਨ ਵਾਲਿਆਂ ਨੂੰ ਹੀ ਨੋਟਿਸ ਜਾਰੀ ਕੀਤਾ।50-50 ਹਜ਼ਾਰ ਰੁਪਏ ਦਾ ਨਿੱਜੀ ਮੁਚੱਲਕਾ ਭਰ ਕੇ ਮਹੀਨੇ ਦੀ ਸ਼ਾਂਤੀ ਦੀ ਗਾਰੰਟੀ ਦੇਣ ਲਈ ਕਿਹਾ ਗਿਆ। ਨਹੀਂ ਤਾਂ ਤੁਹਾਡੇ ਖਿਲਾਫ ਕਾਰਵਾਈ ਕੀਤੀ ਜਾਵੇਗੀ।ਇਸ ਦੇ ਨਾਲ ਹੀ ਪੁਲਿਸ ਨੇ ਦਾਅਵਾ ਕੀਤਾ ਕਿ ਮੁਸਲਮਾਨਾਂ ਨੇ ਵਾਅਦਾ ਕੀਤਾ ਹੈ ਕਿ ਹਰ ਕੋਈ ਆਪਣੇ ਘਰਾਂ ਵਿੱਚ ਇਕੱਲੇ ਹੀ ਤਰਾਵੀਹ ਪੜ੍ਹੇਗਾ। ਅਜਿਹਾ ਕਰਦੇ ਸਮੇਂ, ਕੀ ਪੁਲਿਸ ਨੇ ਇਹ ਨਹੀਂ ਸੋਚਿਆ ਕਿ ਉਹ ਹਿੰਦੂਤਵੀਆਂ ਦੀਆਂ ਧਮਕੀਆਂ ਅੱਗੇ ਝੁਕ ਗਿਆ। ਮੁਸਲਮਾਨਾਂ ਨੂੰ ਰਮਜ਼ਾਨ ਕਿਵੇਂ ਮਨਾਉਣਾ ਚਾਹੀਦਾ ਹੈ, ਈਦ ਜਾਂ ਬਕਰੀਦ ਵਿੱਚ ਕੀ ਕਰਨਾ ਚਾਹੀਦਾ ਹੈ ਅਤੇ ਕੀ ਨਹੀਂ ਕਰਨਾ ਚਾਹੀਦਾ, ਮੁਹੱਰਮ ਅਤੇ ਸ਼ਬ-ਏ-ਬਰਾਤ ਕਿਵੇਂ ਮਨਾਉਣੀ ਹੈ, ਇਸ ਬਾਰੇ ਹਿੰਦੂਤਵੀ ਜਥੇਬੰਦੀਆਂ ਹੁਣ ਹਦਾਇਤਾਂ ਜਾਰੀ ਕਰ ਰਹੀਆਂ ਹਨ। ਪੁਲਿਸ ਅਤੇ ਪ੍ਰਸ਼ਾਸਨ ਨੇ ਮੁਸਲਮਾਨਾਂ ਨੂੰ ਇਹ ਸਭ ਮੰਨਣ ਲਈ ਮਜਬੂਰ ਕਰਨ ਲਈ ਆਪਣੀ ਤਾਕਤ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੈ। ਹਿੰਦੂਆਂ ਨੂੰ ਮੁਸਲਮਾਨਾਂ ਦੀ ਟੋਪੀ, ਉਨ੍ਹਾਂ ਦੇ ਬੁਰਕੇ, ਹਿਜਾਬ, ਉਨ੍ਹਾਂ ਦੀ ਨਮਾਜ਼ ਅਤੇ ਕੁਰਬਾਨੀ ਤੋਂ ਖਿਝ ਆਉਣ ਲੱਗ ਪਈ ਹੈ।

ਕੀ ਤੁਸੀਂ ਕਰਨਾਟਕ ਦੇ ਭਾਜਪਾ ਆਗੂ ਦੇ ਭਾਸ਼ਣ ਨੂੰ ਇਸ ਘਟਨਾ ਤੋਂ ਬਿਲਕੁਲ ਵੱਖਰਾ ਸਮਝ ਸਕਦੇ ਹੋ ਜਿਸ ਵਿੱਚ ਉਹ ਧਮਕੀ ਦੇ ਰਿਹਾ ਹੈ ਕਿ ਸੱਤਾ ਵਿੱਚ ਆਉਣ ਤੋਂ ਬਾਅਦ ਉਹ ਮਾਈਕ ਤੋਂ ਅਜ਼ਾਨ ਬੰਦ ਕਰ ਦੇਣਗੇ? ਜਾਂ ਕਰਨਾਟਕ ਤੋਂ ਦੂਰ ਅਸਾਮ ਦੇ ਸਾਰੇ ਮਦਰੱਸਿਆਂ ਨੂੰ ਬੰਦ ਕਰਨ ਦੀ ਮੁੱਖ ਮੰਤਰੀ ਦੀ ਧਮਕੀ? ਜਾਂ ਮਹਾਰਾਸ਼ਟਰ ਦੇ ਹਜ਼ਾਰਾਂ ਹਿੰਦੂਆਂ ਦੇ ਜਲੂਸ, ਜੋ 'ਲਵ ਜੇਹਾਦ' ਦੇ ਖਿਲਾਫ ਨਾਅਰੇ ਲਗਾ ਰਹੇ ਹਨ, ਦਾ ਇਸ ਘਟਨਾ ਨਾਲ ਕੋਈ ਸਬੰਧ ਨਹੀਂ ਹੈ।

ਇਸ ਘਟਨਾ ਦਾ ਕਰਨਾਟਕ ਸਰਕਾਰ ਦੇ ਮੁਸਲਮਾਨਾਂ ਲਈ 4% ਰਾਖਵਾਂਕਰਨ ਖੋਹਣ ਦੇ ਫੈਸਲੇ ਨਾਲ ਕੋਈ ਸਬੰਧ ਕਿਵੇਂ ਹੋ ਸਕਦਾ ਹੈ? ਕੀ ਅਸੀਂ ਕਹਿ ਸਕਦੇ ਹਾਂ ਕਿ ਮੁਰਾਦਾਬਾਦ ਦੀ ਇਸ ਘਟਨਾ ਦਾ ਰਾਜਸਥਾਨ ਦੇ ਜੁਨੈਦ ਅਤੇ ਨਾਸਿਰ ਦੇ ਕਤਲ ਨਾਲ ਕੋਈ ਸਬੰਧ ਹੈ? ਜਾਂ ਇਸ ਦਾ ਪੁਣੇ ਵਿੱਚ ਮੋਹਸਿਨ ਸ਼ੇਖ ਦੇ ਕਤਲ ਨਾਲ ਕੀ ਲੈਣਾ-ਦੇਣਾ ਹੈ ਕਿਉਂਕਿ ਉਹ ਮੁਸਲਮਾਨ ਲੱਗ ਰਿਹਾ ਸੀ?

ਇਹ ਸਭ ਇੱਕ ਵਿਆਪਕ ਮੁਸਲਿਮ ਵਿਰੋਧੀ ਅਤੇ



ਈਸਾਈ-ਵਿਰੋਧੀ ਰਾਜਨੀਤੀ ਦਾ ਇੱਕ ਜ਼ਰੂਰੀ ਹਿੱਸਾ ਹੈ। ਮੁਸਲਮਾਨਾਂ ਅਤੇ ਈਸਾਈਆਂ ਵਿਰੁੱਧ ਸੜਕਾਂ 'ਤੇ ਹਿੰਸਾ, ਪੁਲਿਸ ਅਤੇ ਸਰਕਾਰੀ ਹੁਕਮਾਂ ਰਾਹੀਂ ਉਨ੍ਹਾਂ ਦੀ ਜ਼ਿੰਦਗੀ ਨੂੰ ਕੰਟਰੋਲ ਕਰਨ ਦੀਆਂ ਕੋਸ਼ਿਸ਼ਾਂ ਅਤੇ ਹਿੰਦੂਤਵੀ ਤਰੀਕੇ ਨਾਲ ਉਨ੍ਹਾਂ ਦੀ ਜ਼ਿੰਦਗੀ ਨੂੰ ਚਲਾਉਣ ਦੀ ਕੋਸ਼ਿਸ਼ ਕਰਨ ਵਾਲੇ ਕਾਨੂੰਨ ਸਭ ਨਾਲ ਜੁੜੇ ਹੋਏ ਹਨ।

ਜੇਕਰ ਰਾਸ਼ਟਰੀ ਸਵੈਮ ਸੇਵਕ ਸੰਘ ਹਿੰਦੂਆਂ ਦੀ ਗੱਲ ਕਰਦਾ ਹੈ ਤਾਂ ਮੁਸਲਮਾਨ ਇਸਦੇ ਅਸਲ ਨਿਸ਼ਾਨੇ ਦੇ ਕੇਂਦਰ ਵਿੱਚ ਹਨ। ਹਿੰਦੂਤਵ ਦੇ ਦਬਦਬੇ ਦਾ ਮਤਲਬ ਮੁਸਲਮਾਨਾਂ ਅਤੇ ਈਸਾਈਆਂ ਦੀ ਹੀਣਤਾ ਹੈ। ਹਿੰਦੂਤਵੀ ਸਿਆਸੀ ਪ੍ਰੋਜੈਕਟ ਦਾ ਉਦੇਸ਼ ਮੁਸਲਮਾਨਾਂ ਦੇ ਸੱਭਿਅਕ, ਸੱਭਿਆਚਾਰਕ ਅਤੇ ਧਾਰਮਿਕ ਜੀਵਨ ਨੂੰ ਨਿਯੰਤਰਿਤ ਕਰਨਾ ਅਤੇ ਆਪਣੇ ਅਧੀਨ ਕਰਨਾ ਹੈ। ਤੁਸੀਂ ਓਨੇ ਹੀ ਮੁਸਲਮਾਨ ਹੋ ਸਕਦੇ ਹੋ ਜਿੰਨਾ ਹਿੰਦੂਤਵਵਾਦੀ ਇਜਾਜ਼ਤ ਦਿੰਦੇ ਹਨ।

ਆਮ ਹਿੰਦੂ ਕਹਿ ਸਕਦਾ ਹੈ ਕਿ ਉਹ ਬਜਰੰਗ ਦਲ ਨਾਲ ਕਿਵੇਂ ਲੜ ਸਕਦੇ ਹਨ! ਪਰ ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹੈ। ਪਰ ਹਿੰਦੂਆਂ ਵਿੱਚੋਂ ਜਿਨ੍ਹਾਂ ਨੇ ਭਾਰਤੀ ਜਨਤਾ ਪਾਰਟੀ ਨੂੰ ਵੋਟਾਂ ਪਾਈਆਂ ਹਨ, ਉਹ ਇਸ ਘਟਨਾ ਲਈ ਜ਼ਿੰਮੇਵਾਰ ਹਨ। ਕਿਉਂਕਿ ਅਜਿਹੀਆਂ ਘਟਨਾਵਾਂ ਭਾਰਤੀ ਜਨਤਾ ਪਾਰਟੀ ਦੀ ਰਾਜਨੀਤੀ ਅਤੇ ਇਸ ਦੇ ਰਾਜ ਕਾਰਨ ਹੀ ਵਾਪਰ ਰਹੀਆਂ ਹਨ।

ਅਜਿਹੇ ਕਾਨੂੰਨਾਂ, ਅਜਿਹੇ ਪ੍ਰਸ਼ਾਸਨਿਕ ਹੁਕਮਾਂ ਅਤੇ ਅਜਿਹੀ ਖੁੱਲ੍ਹੇਆਮ ਗੁੰਡਾਗਰਦੀ ਤੋਂ ਬਿਨਾਂ ਇਸ ਸਿਆਸਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਲਈ ਭਾਰਤ ਵਾਸੀਆਂ ਸਮੇਤ ਇੱਕ ਆਮ ਹਿੰਦੂ ਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਕੀ ਉਸ ਨੂੰ ਮੂਕ ਦਰਸ਼ਕ ਬਣ ਕੇ ਇਸ ਹਿੰਸਾ ਵਿੱਚ ਭਾਗੀਦਾਰ ਬਣਨਾ ਮਨਜ਼ੂਰ ਹੈ? ਅਤੇ ਜੇਕਰ ਨਹੀਂ, ਤਾਂ ਉਹ ਹਿੰਦੂਤਵੀਆਂ ਨੂੰ ਸੱਤਾ ਵਿਚ ਲਿਆਉਣ ਸਮੇਂ ਇਸ ਤੋਂ ਆਪਣੇ ਆਪ ਨੂੰ ਕਿਵੇਂ ਵੱਖ ਕਰ ਸਕਦਾ ਹੈ?- ਅਪੂਰਵਾਨੰਦ ਦਿੱਲੀ ਵਿਸ਼ਵ ਵਿਦਿਆਲੇ ਵਿੱਚ ਪੜਾਉਂਦੇ ।

## ਅਰੁਣਾਚਲ ਪ੍ਰਦੇਸ਼ ਵਿੱਚ ਨਾਗਾ ਗੁਰੀਲਿਆਂ ਨੇ ਕੀਤੀ ਪੁਲਿਸ ਕਾਂਸਟੇਬਲ ਦੀ ਹੱਤਿਆ

ਈਟਾਨਗਰ-ਨੈਸ਼ਨਲ ਸੋਸ਼ਲਿਸਟ ਕੌਂਸਲ ਆਫ ਨਾਗਾਲੈਂਡ-ਖਾਪਲਾਂਗ (ਐੱਨ.ਐੱਸ.ਸੀ.ਐੱਨ.-ਕੇ.) ਨੇ ਅਰੁਣਾਚਲ ਪ੍ਰਦੇਸ਼ 'ਚ ਇਕ ਭਾਰਤੀ ਪੁਲਸ ਕਰਮਚਾਰੀ ਦੀ ਹੱਤਿਆ ਕਰ ਦਿੱਤੀ।ਐੱਨ.ਐੱਸ.ਸੀ.ਐੱਨ.-ਕੇ ਨਾਗਾ ਰਾਸ਼ਟਰਵਾਦੀ ਅਤੇ ਮੁਕਤੀ ਪਾਰਟੀ ਹੈ ਜਿਸਦਾ ਮੁੱਖ ਉਦੇਸ਼ ਇੱਕ ਪ੍ਰਭੂਸੱਤਾ ਸੰਪੰਨ ਨਾਗਾ ਰਾਜ, "ਨਾਗਾਲਿਮ" ਦੀ ਸਥਾਪਨਾ ਕਰਨਾ ਹੈ, ਜਿਸ ਵਿੱਚ ਉੱਤਰ-ਪੂਰਬੀ ਭਾਰਤ ਵਿੱਚ ਨਾਗਾ ਲੋਕਾਂ ਨਾਲ ਸਬੰਧਤ ਸਾਰੇ ਖੇਤਰ ਸ਼ਾਮਲ ਹਨ।ਇਨਾ ਦਾ ਨਾਅਰਾ ਹੈ "ਕਰਾਈਸਟ ਲਈ ਨਾਗਾਲੈਂਡ" ਪੁਲਿਸ ਨੇ ਦੱਸਿਆ ਕਿ ਰੋਕਸੇਨ ਹੋਮਚਾ ਲੋਵਾਂਗ ਅਤੇ ਟਿਪਟੂ ਕਿਤਨੀਆ ਨਾਮ ਦੇ ਦੋ ਗੁਰੀਲੇ, ਜੋ ਅਰੁਣਾਚਲ ਪ੍ਰਦੇਸ਼ ਦੇ ਤਿਰਪ ਜ਼ਿਲ੍ਹੇ ਦੀ ਖੋਂਸਾ ਜੇਲ੍ਹ ਤੋਂ ਫਰਾਰ ਹੋ ਗਏ ਸਨ ਅਤੇ ਡਿਊਟੀ 'ਤੇ ਕਾਂਸਟੇਬਲ ਦੀ ਹੱਤਿਆ ਕਰ ਦਿੱਤੀ ਸੀ।




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA

PHONE (604) 254-2117, FAX: (604) 254-5309

31 ਮਾਰਚ, ਦਿਨ ਸ਼ੁੱਕਰਵਾਰ.........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਗੁਰਮੀਤ ਸਿੰਘ ਸਮਰਾ ਦੇ ਪਰਿਵਾਰ ਵਲੋਂ ਹੋਵੇਗੀ।

1 ਅਪ੍ਰੈਲ, ਦਿਨ ਸ਼ਨਿੱਚਰਵਾਰ........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਗੁਰਚਰਨ ਸਿੰਘ ਸੰਧੂ ਅਤੇ ਪਰਿਵਾਰ ਵਲੋਂ ਹੋਵੇਗੀ।

2 ਅਪ੍ਰੈਲ ਦਿਨ ਐਤਵਾਰ............ਸਵੇਰ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਜਸਵੰਤ ਸਿੰਘ ਸੰਘਾ ਅਤੇ ਪਰਿਵਾਰ ਵਲੋਂ ਹੋਵੇਗੀ।

2 ਅਪ੍ਰੈਲ, ਦਿਨ ਐਤਵਾਰ............ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਬਲਦੇਵ ਸਿੰਘ ਚੀਮਾ ਅਤੇ ਪਰਿਵਾਰ ਵਲੋਂ ਹੋਵੇਗੀ।

7 ਅਪ੍ਰੈਲ, ਦਿਨ ਸ਼ੁੱਕਰਵਾਰ...........ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

7 ਅਪ੍ਰੈਲ ਦਿਨ ਸ਼ੁੱਕਰਵਾਰ............ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿੱਚ ਲੰਗਰ ਦੀ ਸੇਵਾ ਬੀਬੀ ਹਰਜਿੰਦਰ ਕੌਰ ਪਰਮਾਰ ਵਲੋਂ ਹੋਵੇਗੀ।

7 ਅਪ੍ਰੈਲ, ਦਿਨ ਸ਼ੁੱਕਰਵਾਰ...........ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਭੁਪਿੰਦਰ ਸਿੰਘ ਜਸਵਾਲ ਅਤੇ ਪਰਿਵਾਰ ਵਲੋਂ ਹੋਵੇਗੀ।

8 ਅਪ੍ਰੈਲ, ਦਿਨ ਸ਼ਨਿੱਚਰਵਾਰ........ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

8 ਅਪ੍ਰੈਲ, ਦਿਨ ਸ਼ਨਿੱਚਰਵਾਰ........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਜਰਜਨੀਸ਼ ਸਿੰਘ ਮਨਹਾਸ ਅਤੇ ਪਰਿਵਾਰ ਵਲੋਂ ਹੋਵੇਗੀ।

9 ਅਪ੍ਰੈਲ, ਦਿਨ ਐਤਵਾਰ............ਸਵੇਰ ਨੂੰ 9:00 ਵਜੇ ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।

9 ਅਪ੍ਰੈਲ, ਦਿਨ ਐਤਵਾਰ............ਸਵੇਰ ਨੂੰ ਨੰਬਰ 2 ਦਰਬਾਰ ਹਾਲ ਵਿਚ ਅਨੰਦ ਕਾਰਜ ਹੋਵੇਗਾ।

ਅੰਮ੍ਰਿਤ ਸੰਚਾਰ

15 ਅਪ੍ਰੈਲ 2023, ਦਿਨ ਸ਼ਨਿੱਚਰਵਾਰ

ਨੂੰ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਜਾਵੇਗਾ। ਅੰਮ੍ਰਿਤ ਅਭਿਲਾਖੀ ਆਪਣੇ ਨਾਮ ਪ੍ਰਬੰਧਕਾਂ ਪਾਸ ਦਰਜ ਕਰਵਾਉਣ ਦੀ ਕਿਰਪਾਲਤਾ ਕਰਨ ਜੀ। ਧੰਨਵਾਦੀ ਹੋਵਾਂਗੇ।

16 ਅਪ੍ਰੈਲ 2023, ਦਿਨ ਐਤਵਾਰ

ਸ਼ਾਮ ਨੂੰ ਬਾਅਦ ਦੁਪਹਿਰ 2:00 ਵਜੇ ਨਿਸ਼ਾਨ ਸਾਹਿਬ ਦਾ ਚੋਲਾ ਬਦਲੀ ਕੀਤਾ ਜਾਵੇਗਾ।

ਸਰਬੱਤ ਨੂੰ ਬੇਨਤੀ ਹੈ ਕਿ ਇਸ ਸਮੇਂ ਵੀ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਨੋਟ: ਦਰਬਾਰ ਹਾਲ ਵਿੱਚ ਦਾਖਲ ਹੋਣ ਸਮੇਂ ਮਾਸਕ ਪਹਿਨਣਾ ਜਰੂਰੀ ਹੈ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।

ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਹਸਗੁੱਲੇ

ਰਵੀ ਜਦੋਂ ਦਫ਼ਤਰ ਗਿਆ ਤਾਂ ਸਰ ਨੇ ਰਵੀ ਦੇ ਕੰਨਾਂ ’ਤੇ ਪੱਟੀਆਂ ਬੰਨ੍ਹੀਆਂ ਦੇਖ ਕੇ ਪੁੱਛਿਆ, ‘ਰਵੀ ਕੀ ਹੋਇਆ?’

ਰਵੀ–‘ਸਰ ਸਵੇਰੇ ਪ੍ਰੈਸ ਕਰਦੇ ਸਮੇਂ ਫ਼ੋਨ ਦੀ ਘੰਟੀ ਵੱਜੀ ਤਾਂ ਭੁਲੇਖੇ ਨਾਲ ਰਿਸੀਵਰ ਦੀ ਜਗ੍ਹਾ ਪ੍ਰੈਸ ਕੰਨ ਨਾਲ ਲਗਾ ਹੋ ਗਈ।’

ਸਰ (ਹੈਰਾਨ ਹੋ ਕੇ)–ਪਰ ਦੂਜੇ ਕੰਨ ’ਤੇ ਕੀ ਹੋਇਆ?’

ਰਵੀ–‘ਇਹੋ ਗ਼ਲਤੀ ਮੈਂ ਡਾਕਟਰ ਨੂੰ ਫ਼ੋਨ ਕਰਨ ਵੇਲੇ ਕਰ ਬੈਠਾ।’

* * *

ਹਸਪਤਾਲ ’ਚ ਇਲਾਜ ਅਧੀਨ ਪਏ ਮਰੀਜ਼ ਨੇ ਨਰਸ ਨੂੰ ਕਿਹਾ, ‘‘ਮੈਂ ਤੇਰੇ ਪਿਆਰ ’ਚ ਪਾਗ਼ਲ ਹੋ ਗਿਆ ਹਾਂ। ਮੈਂ ਠੀਕ ਨਹੀਂ ਹੋਣਾ ਚਾਹੁੰਦਾ।’’

ਨਰਸ, ‘‘ਚਿੰਤਾ ਨਾ ਕਰ। ਤੂੰ ਠੀਕ ਹੋ ਵੀ ਨਹੀਂ ਸਕਦਾ। ਤੇਰੀ ਗੱਲ ਡਾਕਟਰ ਨੇ ਸੁਣ ਲਈ ਹੈ ਤੇ ਮੇਰਾ ਉਸ ਨਾਲ ਵਿਆਹ ਹੋਣ ਵਾਲਾ ਹੈ।’’

* * *

ਪਤਨੀ (ਪਤੀ ਨੂੰ), ‘‘ਵਧਾਈ ਹੋਵੇ, ਅੱਜ ਤੁਸੀਂ ਪੂਰੇ 40 ਸਾਲ ਦੇ ਹੋ ਗਏ ਹੋ।’’

ਪਤੀ, ‘‘ਸ਼ੁਕਰ ਹੈ ਰੱਬ ਦਾ, 40 ਸਾਲ ਲੰਘ ਗਏ। ਬਾਕੀ ਵੀ ਰੋਂਦੇ-ਧੋਂਦੇ ਕਿਸੇ ਤਰ੍ਹਾਂ ਨਿਕਲ ਜਾਣਗੇ।’’

* * *

ਪਤਨੀ (ਪਤੀ ਨੂੰ), ‘‘ਸੁਣੋ ਜੀ, ਮੇਰੀ ਬੜੀ ਇੱਛਾ ਹੈ ਕਿ ਮੈਂ ਸੱਤ ਜਨਮਾਂ ਤੱਕ ਤਹਾਡੀ ਪਤਨੀ ਬਣੀ ਰਹਾਂ।’’

ਪਤੀ ਨੇ ਕਿਹਾ, ‘‘ਰੱਬ ਕਰੇ ਇਹ ਤੇਰਾ ਸੱਤਵਾਂ ਜਨਮ ਹੋਵੇ।’’

* * *

ਜੇਲਰ:– ਜਨਾਬ ਕੱਲ ਰਾਤ ਸਾਰੇ ਕੈਦੀਆਂ ਨੇ ਜੇਲ ਚ ਰਾਮ ਲੀਲਾ ਕੀਤੀ ਸੀ..

ਅਫਸਰ :– ਇਹ ਤਾਂ ਚੰਗੀ ਗੱਲ ਆ ….? ਇਹਦੇ ਚ ਪਰੇਸ਼ਾਨ ਕਿਉਂ ਹੋ ਰਹੇ ਹੋ ?

ਜੇਲਰ :– ਜਨਾਬ ਪਰੇਸ਼ਾਨੀ ਇਹ ਆ ਕੇ .. ਜਿਹੜਾ ਬੰਦਾ ਹਨੂੰਮਾਨ ਬਣਿਆ ਸੀ ਉਹ ਹੁਣ ਤੱਕ .. ਸੰਜੀਵਨੀ ਬੂਟੀ ਲੈ ਕੇ ਵਾਪਸ ਨੀ ਆਇਆ..

* * *

ਜਦੋਂ ਕੋਈ ਸਵੇਰੇ ਸਵੇਰੇ ਆਵਾਜ਼ ਲਾਉਣ ਤੇ ਵੀ ਨਾਂ ਉੱਠੇ..

ਉਸਨੂੰ ਉਠਾਉਣ ਦਾ ਇੱਕ ਨਵਾਂ ਤਰੀਕਾ ਲਿਆਂਦਾ ਗਿਆ ਹੈ.. ਉਹਦੇ ਕੰਨ ‘ਚ ਹੌਲੀ ਜੇ ਕਹਿ ਦੋ……???

ਤੇਰਾ ਬਾਪੂ ਤੇਰਾ ਮੋਬਾਇਲ ਚੈਕ ਕਰੀ ਜ਼ਾਂਦਾ ਭੱਜ ਕੇ ਉੱਠੂ ਪਤੰਦਰ..

* * *

ਸਾਡੇ ਗਵਾਂਢ ਚ ਮਕਾਨ ਪੈਣ ਲਈ ਲੈਂਟਰ ਦੀ ਤਿਆਰੀ ਚੱਲ ਰਹੀ ਸੀ ਠੇਕੇਦਾਰ ਥੱਲੇ ਖੜਾ ਉਚੀ ਅਵਾਜ ਚ ਮਿਸਤਰੀਆਂ ਤੇ ਲੇਬਰ ਨੂੰ ਨਿਰਦੇਸ਼ ਦੇਵੇ ।ਅਚਾਨਕ ਪਿੰਡੋਂ ਸ਼ਰੀਕੇ ਚ ਭਾਬੀ ਜੀ ਦਾ ਫੂਨ ਆ ਗਿਆ ।ਹੁਣ ਇਕ ਪਾਸੇ ਭਾਬੀ ਆਪਣੇਂ ਦੁਖਵੇ ਸੁਣਾਵੇ ਤੇ ਦੂਸਰੇ ਪਾਸੇ ਮਿਸਤਰੀ ਤੇ ਮਜਦੂਰ ਸਵਾਲ ਕਰੀ ਜਾਣ।

ਭਾਬੀ:– ‘ ਪਰਮਜੀਤ ਤੇਰੇ ਭਾਅ ਜੀ ਦਾ ਸਿਰ ਦੁਖਦੈ ਹਫਤਾ ਹੋ ਗਿਆ ਬਹੁਤ ਬੁਰਾ ਹਾਲ ਆ “

“ਠੇਕੇਦਾਰ– ਦੋ ਟੋਪੀ ਆਲੇ ਕਿਲ ਠੋਕ ਵੇਖੀ ਕਿਵੇ ਕੰਮ ਸੂਤ ਆਉਦਾ ”

ਭਾਬੀ:–” ਭਾਪਾ ਜੀ ਵੀ ਮੰਜੇ ਤੇ ਪਏ ਹਨ ਨਾ ਬੁਖਾਰ ਉਤਰਦਾ ਨਾ ਖਾਂਦੇ ਪੀਂਦੇ ਆ ਕੁਝ ”

“ਠੇਕੇਦਾਰ– ਬਸ ਨਿਬੜਿਆ ਲਉ ਕੰਮ ਮੋਟੀਆਂ ਲੱਕੜਾ ਪਾਉ ਹੁਣ ਉਤੇ ”

ਭਾਬੀ:–“ਹਾਂ ਸੱਚ ਪਰਮ ਮੇਰੀਆਂ ਤੇ ਆਪ ਬਾਹਵਾਂ ਈ ਦਰਦ ਕਰਨੋਂ ਨੀ ਹਟਦੀਆਂ ”।

“ਠੇਕੇਦਾਰ– ਉਏ ਵਾਧੂ ਚੀਜ ਐਵੇਂ ਅੜਿੱਕੇ ਈ ਪਾਉਦੀ ਆ ..ਫੜ ਆਰੀ ਤੇ ਵੱਢ ਕੇ ਥੱਲੇ ਮਾਰੋ ”

ਭਾਬੀ:–“ਆਹ ਸੋਨੀ ਦੇ ਕਾਕੇ ਦੀਆਂ ਟੱਟੀਆਂ ਨਹੀ ਹਟਦੀਆਂ ..ਕੀ ਕਰੀਏ ”

” ਠੇਕੇਦਾਰ– ਤੈਨੂੰ ਸਮਝ ਕਿਉਂ ਨਹੀਂ ਆਉਂਦੀ ..ਛੋਟਾ ਜਿਹਾ ਰੋੜਾ ਫਸਾ ਦੇ ..ਨਹੀ ਤੇ ਇਥੋਂ ਮਾਲ ਕਿਰਦਾ ਈ ਰਹਿਣਾ “

* * *

ਇਕ ਬੰਦਾ ਵਾਲਾ ਕੰਜੂਸ ਹੁੰਦਾ।

ਉਨੇ ਇਕ ਸੀਸੀ ਚ ਘਿਓ ਪਾ ਕੇ ਰੱਖਿਆ ਹੁੰਦਾ ਤੇ ਮੂੰਹ ਘੁੱਟ ਕੇ ਬੰਦ ਕੀਤਾ ਹੁੰਦਾ।

ਜਦੋਂ ਵੀ ਉਦਾ ਟੱਬਰ ਖਾਣਾ ਖਾਦੇ ਤਾਂ ਰੋਟੀ ਸੀਸੀ ਨਾਲ ਘਸਾ ਲੈਦੇ !ਇਕ ਵਾਰ ਉਹ ਕਿਸੇ ਕੰਮ ਲਈ ਬਾਹਰ ਗਿਆ ਹੋਇਆ ਸੀ !

ਜਦ ਉਹ ਦੇਰ ਘਰੇ ਵਾਪਸ ਆਇਆ ਤਾਂ ਉਨੇ ਆਪਣੇ ਮੁੰਡੇ ਨੂੰ ਪੁਛਿਆ ”ਬਈ ਰੋਟੀ ਖਾਅ ਲੀ ?

ਮੁੰਡਾ: ਹਾਂ। ਡੈਡੀ ਖਾਅ ਲੀ ।

ਕੰਜੂਸ:ਪਰ ਘਿਓ ਆਲੀ ਸੀਸੀ ਤਾਂ ਮੈਂ ਅਲਮਾਰੀ ਚ ਰੱਖ ਕੇ ਗਿਆ ਸੀ ।

ਮੁੰਡਾ : ਡੈਡੀ ਅਸੀਂ ਅਲਮਾਰੀ ਦੇ ਹੈਂਡਲ ਨਾਲ ਰੋਟੀ ਘਸਾ ਕੇ ਖਾਹ ਲੀ ਸੀ ।

ਕੰਜੂਸ ਗੁੱਸੇ ‘ਚ: ਕੰਜਰੋ ਇਕ ਦਿਨ ਬਿਨਾ ਘਿਓ ਤੋਂ ਨੀ ਰੋਟੀ ਖਾ ਸਕਦੇ ਸੀ।

* * *

ਪੁਲਿਸ ਵੱਲੋਂ ਮੁਰਗੀ ਫਾਰਮ ਦਾ ਨਿਰੀਖਣ ਕੀਤਾ ਗਿਆ।

ਠਾਣੇਦਾਰ : ਹਾਂ ਬਈ ਤੁਸੀ ਕੀ ਪਾਉਣੇ ਹੋ ਮੁਰਗੀਆਂ ਨੂੰ।

ਫਾਰਮਰ : ਜੀ ਬਾਜਰਾ!

ਠਾਣੇਦਾਰ : ਏਨੀ ਗਰਮੀ ਚ ਬਾਜਰਾ ਚੱਕੋ ਇਸਨੂੰ ਲੈਜੋ ਥਾਣੇ !

ਠਾਣੇਦਾਰ ਦੂਜੇ ਫਾਰਮਰ ਨੂੰ : ਹਾਂ ਤੂੰ ਕੀ ਪਾਉਣਾ ਮੁਰਗੀਆ ਨੂੰ

ਦੂਜਾ ਫਾਰਮਰ : ਜੀ ਚੌਲ !

ਠਾਣੇਦਾਰ : ਇਹਨੂੰ ਵੀ ਲੈਜੋ ਥਾਣੇ ।

ਠਾਣੇਦਾਰ ਆਖਰ ਚ ਪੱਪੂ ਨੂੰ: ਤੂੰ ਕੀ ਪਾਉਣਾ ਓਏ ਮੁਰਗੀਆ ਨੂੰ

ਪੱਪੂ ਡਰਦਾ ਹੋਇਆ ਕਹਿੰਦਾ :

ਜੀ ਅਸੀ ਤਾਂ ਪੰਜ-ਪੰਜ ਰੁਪੈ ਦੇ ਕਿ ਕਹਿ ਦਿੰਦੇ ਵੀ ਜੋ ਜੋ ਜੀਅ ਕਰਦਾ ਹੱਟੀ ਤੋ ਲੈ ਕਿ ਖਾ ਲੇਓ!

* * *

ਇਕ ਪੰਡਿਤ ਭੱਜਦਾ ਭੱਜਦਾ ਇਕ ਸੋਹਣੀ ਕੁੜੀ ਵਿਚ ਵੱਜਦਾ

ਕੁੜੀ – ਸ਼ਰਮ ਨੀ ਆਉਂਦੀ , ਸਿਰ ਤੇ ਇੰਨੀ ਵਡੀ ਬੋਦੀ ਰੱਖ ਕੇ ਕੁੜੀਆ ਚ ਟੱਕਰਾਂ ਮਾਰਦਾ

ਪੰਡਿਤ – ਬੀਬੀ.. ਬੋਦੀ ‘ਚ ਕਿਹੜਾ ਬਰੇਕ ਲੱਗੇ ਆ।

* * *

ਇੱਕ ਬੁਜੁਰਗ ਵਿਅਕਤੀ .. ਪੁੱਤਰ ਕਿਵੇਂ ਹੋ ?

ਬੱਚਾ.. ਠੀਕ ਹਾਂ ..

ਬੁਜੁਰਗ – ਪੜਾਈ ਕਿਵੇਂ ਦੀ….?? ਚੱਲ ਰਹੀ ਹੈ ?

ਬੱਚਾ – ਬਿਲਕੁਲ ਤੁਹਾਡੀ ਜਿੰਦਗੀ ਦੀ ਤਰ੍ਹਾਂ..

ਬਜੁਰਗ – ਮਤਲੱਬ ?.. ਬੱਚਾ-ਭਗਵਾਨ ਭਰੋਸੇ।

* * *

ਇਕ ਪਾਗਲ ਖਾਲੀ ਪੇਪਰ ਨੂੰ ਚੁੰਮ ਰਿਹਾ ਸੀ!

“ਦੂਜਾ ਪਾਗਲ “ਏਹ ਕੀ ਹੈ” ਪਹਿਲਾ "ਲਵ ਲੈਟਰ ਹੈ"।

ਦੂਜਾ "ਪਰ ਏਹ ਤਾਂ ਖਾਲੀ ਹੈ"

“ਓ ਅੱਜ ਕਲ ਸਾਡੀ ਬੋਲ ਚਾਲ ਬੰਦ ਹੈ…

* * *

ਨਵਾਂ ਨਵਾਂ ਵਿਆਹ ਹੋਇਆ। ਮੁੰਡਾ ਸ਼ਰਮਾ ਰਿਹਾ ਸੀ! ਸਮਝ ਨਹੀਂ ਸੀ ਆ ਰਹੀ ਕਿ ਕਿਵੇਂ ਗੱਲ ਸ਼ੁਰੂ ਕਰੇ?

ਫਿਰ ਹੌਸਲਾ ਜੇਹਾ ਕਰਕੇ ਵਹੁੱਟੀ ਨੂੰ ਕਹਿੰਦਾ, ਤੁਹਾਡਾ ਨਾਮ ਕੀ ਏ ਜੀ…?

ਵਹੁਟੀ ਵੀ ਸ਼ਰਮਾਂਦੇ ਹੋਈ ਬੋਲੀ:ਵਿਆਹ ਦੇ ਕਾਰਡ ਤੇ ਕਿਹੜਾ ਭੂਆ ਦਾ ਨਾਮ ਲਿਖਿਆ ਸੀ....

* * *

ਘਰ ਵਾਲੀ ਨੇ ਕੰਜੂਸ ਪਤੀ ਨੂੰ ਕਿਹਾ

‘ਜੀ ਅੱਜ ਮਕਡੋਨਾਲਡ ਚਲੀਏ।?

ਪਤੀ– ਸਪੈਲਿੰਗ ਦਸ ਦੇ.. ਫੇਰ ਚੱਲਾਂਗੇ..

ਪਤਨੀ: ਜੀ ਫੇਰ ਫੇਰ ਕੇਐਫਸੀ ਚਲਦੇ ਹਾਂ…

ਕਜੂੰਸ– ਕੇਐਫਸੀ ਦਾ ਪੂਰਾ ਨਾਂ ਦੱਸ ਬੋਲ ਫੇਰ ਚਲਦੇ ਹਾਂ।

ਪਤਨੀ– ਰਹਿਣ ਦੇ ਕੁੱਤਿਆ ਛੋਲੇ ਕੁਲਚੇ ਹੀ ਖਵਾ ਦੇ!

* * *

ਕੰਜੂਸ ਨੇ ਰਿਕਸ਼ੇ ਵਾਲੇ ਨੂੰ ਪੁੱਛਿਆ– ਸਟੇਸ਼ਨ ਤੱਕ ਜਾਣ ਦੇ ਕਿੰਨੇ ਲਵੋਂਗੇ??

ਰਿਕਸ਼ੇਵਾਲਾ– 50

ਕੰਜੂਸ– 20 ਲੈ ਲੋ...

ਰਿਕਸ਼ੇਵਾਲਾ– 20 ਵਿੱਚ ਕੌਣ ਲੈ ਜਾਵੇਗਾ??

ਕੰਜੂਸ– ਪਿੱਛੇ ਬੈਠ ਮੈਂ ਲੈ ਜਾਂਦਾ!!!

* * *

ਇੱਕ ਆਦਮੀ ਸ਼ਰਾਬ ਪੀ ਕੇ ਨੰਬਰ ਡਾਇਲ ਕਰਦਾ ਹੈ ਤਾਂ ਹੀ ਕੁੜੀ ਦੀ ਆਵਾਜ਼ ਆਉਂਦੀ ਹੈ, “ਤੁਹਾਡੇ ਕੋਲ ਕਾਲ ਕਰਨ ਲਈ ਇੰਨਾ ਬੈਲੇਂਸ ਨਹੀਂ ਹੈ, ਕਿਰਪਾ ਕਰਕੇ ਫੋਨ ਨੂੰ ਰੀਚਾਰਜ ਕਰੋ”

ਸ਼ਰਾਬੀ: ਪਿਆਰੀ ਤੇਰੇ ਨਾਲ ਗੱਲ ਹੋ ਗਈ ਤੇਰੇ ਬੋਲ ਸਾਡੇ ਲਈ ਕਾਫੀ ਹਨ!

********

ਪਤਨੀ – ਸੁਣੋ ਜਦੋਂ ਸਾਡਾ ਨਵਾਂ ਨਵਾ ਵਿਆਹ ਹੋਇਆਂ ਸੀ,

ਉਸ ਸਮੇਂ ਜਦੋਂ ਮੈਂ ਖਾਣਾ ਪਕਾਉਂਦਾ ਸੀ, ਤੁਸੀਂ ਖੁਦ ਘੱਟ ਖਾਂਦੇ ਸੀ,

ਮੈਨੂੰ ਬਹੁਤ ਖੁਆਇਆ ਕਰਦੇ ਸੀ।

ਪਤੀ – ਤਾਂ ?

ਪਤਨੀ – ਫਿਰ ਤੁਸੀਂ ਹੁਣ ਅਜਿਹਾ ਕਿਉਂ ਨਹੀਂ ਕਰਦੇ?

ਪਤੀ – ਕਿਉਂਕਿ ਹੁਣ ਤੂੰ ਚੰਗੀ ਤਰ੍ਹਾਂ ਖਾਣਾ ਬਣਾਉਣਾ ਸਿੱਖ ਲਿਆ ਹੈ ...

********

ਇੱਕ ਅਮਲੀ ਦਰਖਤ ਦੀ ਟਾਹਣੀਂ ਨਾਲ ਉਲਟਾ ਲਟਕ ਰਿਹਾ ਸੀ,ਦੂਸਰੇ ਅਮਲੀ ਨੇ ਪੁੱਛਿਆ – ਅਮਲੀਆ ਕੀ ਕਰ ਰਿਹੈ ?

ਸੰਤਾ – ਕੁਝ ਨਹੀਂ ਮੈਂ ਸਿਰਦਰਦ ਦੀ ਗੋਲੀ ਖਾਧੀ ਹੈ,ਕਿਤੇ ਪੇਟ ਵਿੱਚ ਨਾ ਚਲੀ ਜਾਵੇ!!!

********

ਇੱਕ ਵਾਰ ਇੱਕ ਅਮਲੀ ਡਬਲ ਡੈਕਰ ਬੱਸ ਵਿੱਚ ਚੜ੍ਹ ਗਿਆ... ਕੰਡਕਟਰ ਨੇ ਟਿਕਟ ਕੱਟ ਉਸਨੂੰ ਉੱਪਰ ਭੇਜ ਦਿੱਤਾ, ਸੰਤਾਜਦੋਂ ਬੱਸ ਚੱਲੀ ਤਾਂ ਅਮਲੀ ਭੱਜਦਾ ਹੋਇਆ ਵਾਪਸ ਕੰਡਕਟਰ ਕੋਲ ਆਇਆ ਅਤੇ ਕਿਹਾ।

“ ਸਾਲਿਆ ਆਪਣੇਂ ਜੀਜੇ ਨੂੰ ਮਰਵਾਉਂਣੈ, ਉਪਰ ਤਾਂ ਡਰਾਈਵਰ ਹੀ ਨਹੀਂ”

********

ਇੱਕ ਆਦਮੀ ਦੋ ਮਹੀਨੇ ਤੋਂ ਹਸਪਤਾਲ ਵਿੱਚ ਸੀ.. ਜਦੋਂ ਉਸ ਨੂੰ ਡਿਸਚਾਰਜ ਕਰਨ ਲੱਗੇ ਤਾਂ ਉਸ ਨੇ ਮਹਿਸੂਸ ਕੀਤਾ ਕਿ ਉਸ ਨੂੰ ਨਰਸ ਨਾਲ ਪਿਆਰ ਹੋ ਗਿਆ ਹੈ ਤੇ ਨਰਸ ਨੂੰ ਦਿਲ ਦੀ ਗੱਲ ਕਹਿਣੀ ਚਾਹੀਦੀ ਹੈ, ਉਸ ਨੇ ਜਿਵੇਂ ਹੀ ਨਰਸ ਨੂੰ ਦੇਖਿਆ ਤਾਂ ਬੋਲਿਆ, ‘‘ਆਈ ਲਵ ਯੂ ਨਰਸ, ਤੂੰ ਤਾਂ ਮੇਰਾ ਦਿਲ ਹੀ ਚੋਰੀ ਕਰ ਲਿਆ ਹੈ।‘’

ਨਰਸ (ਘਬਰਾ ਕੇ),‘‘ਸਹੁੰ ਲੱਗੇ ਜੀ, ਦਿਲ ਨੂੰ ਅਸੀਂ ਹੱਥ ਹੀ ਨਹੀਂ ਲਾਇਆ, ਅਸੀਂ ਤਾਂ ਸਿਰਫ਼ ਤੁਹਾਡੀ ਕਿਡਨੀ ਚੋਰੀ ਕੀਤੀ ਹੈ।‘’

********





# AMAYA LIVING



**60 LUXURIOUS CONDOS**

- 2 decorative colour schemes: Classic (dark) and Contemporary (light)
- Modern, decorative light fixtures • Oversized double glazed windows
- Laminate floor throughout main level, carpet for stairs and bedrooms
- Tile flooring in all bathrooms, entry and laundry • Elegant faucets
- Master walk-in closets • Full size in-suite laundry
- High-capacity CAT-5 wiring with telephone/cable/data outlets throughout
- Pre-wired for cable, internet and phone line on each floor

**KITCHEN**

• Quartz countertops with under-mount double bowl stainlessteel sink and removable nozzle spray • Contemporary single lever faucet • Elegant tile backsplash • Sleek cabinets with soft-touch close technology

• Full size stainless steel appliances: refrigerator, stove, dish washer, hood fan and microwave • Garburator

**BATHROOM**

• Large mirror with light bar • Under-mount porcelain sink with modern single lever faucet • Master with full stand up shower and full height ceramic tiles

• Modern bathroom accessories **WARRANTY • 2-5-10 year**

# PH:778-885.6700

**Add:140 St & 108 Ave, Surrey, BC V3T 4N8**

**E-mail: info@amayaliving.ca**

# ਭਾਜਪਾ ਤੋਂ ਹੋਰ ਹਮਲਾਕੁਨ ਹੋਣ ਦੀ ਉਮੀਦ

ਜਿਸ ਤਰ੍ਹਾਂ ਕਿ ਸਮਝਿਆ ਜਾਂਦਾ ਸੀ ਕਿ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੂੰ ਸੂਰਤ ਦੀ ਅਦਾਲਤ ਦੁਆਰਾ ਅਪਰਾਧਿਕ ਮਾਣਹਾਨੀ ਦੇ ਇਕ ਮਾਮਲੇ ’ਚ ਦੋ ਸਾਲ ਕੈਦ ਦੀ ਸਜ਼ਾ ਸੁਣਾਏ ਜਾਣ ਬਾਅਦ, ਭਾਰਤੀ ਜਨਤਾ ਪਾਰਟੀ ਦੀ ਸਰਕਾਰ ਮੌਕੇ ਦਾ ਤੇਜ਼ੀ ਨਾਲ ਲਾਭ ਉਠਾਏਗੀ, ਲੋਕ ਸਭਾ ਦੇ ਸਕੱਤਰੇਤ ਦੁਆਰਾ ਰਾਹੁਲ ਗਾਂਧੀ ਦੀ ਲੋਕ ਸਭਾ ਦੀ ਮੈਂਬਰੀ ਖਤਮ ਕਰ ਦਿੱਤੀ ਗਈ ਹੈ।ਕਾਂਗਰਸ ਦੇ ਪ੍ਰਮੁੱਖ ਆਗੂ ਰਾਹੁਲ ਗਾਂਧੀ ਨੂੰ ਜਿਨ੍ਹਾਂ ਧਾਰਾਵਾਂ (499 ਤੇ 500) ਹੇਠ ਸਜ਼ਾ ਸੁਣਾਈ ਗਈ ਹੈ ਉਨ੍ਹਾਂ ਤਹਿਤ ਦੋਸ਼ੀ ਨੂੰ ਵੱਧ ਤੋਂ ਵੱਧ ਦੋ ਸਾਲ ਦੀ ਹੀ ਸਜ਼ਾ ਦਿੱਤੀ ਜਾ ਸਕਦੀ ਹੈ। ਆਮ ਤੌਰ ’ਤੇ ਅਦਾਲਤ ਦੁਆਰਾ ਦੋਸ਼ ਸਾਬਤ ਹੋਣ ਬਾਅਦ ਧਾਰਾਵਾਂ ਅਧੀਨ ਬਣਦੀ ਵੱਧ ਤੋਂ ਵੱਧ ਸਜ਼ਾ ਘੱਟ ਹੀ ਸੁਣਾਈ ਜਾਂਦੀ ਹੈ। ਲੋਕ ਨੁਮਾਇੰਦਾ ਕਾਨੂੰਨ ਤਹਿਤ ਕਿਸੇ ਵਿਧਾਇਕ ਜਾਂ ਸਾਂਸਦ ਨੂੰ ਕਿਸੇ ਜੁਰਮ ਲਈ ਜੇਕਰ ਦੋ ਸਾਲ ਜਾਂ ਇਸ ਤੋਂ ਵੱਧ ਦੀ ਕੈਦ ਦੀ ਸਜ਼ਾ ਸੁਣਾਈ ਜਾਂਦੀ ਹੈ ਤਾਂ ਉਸ ਦੀ ਵਿਧਾਨ ਸਭਾ, ਵਿਧਾਨ ਪਰਿਸ਼ਦ ਜਾਂ ਲੋਕ ਸਭਾ ਤੇ ਰਾਜ ਸਭਾ ਦੀ ਮੈਂਬਰੀ ਖਤਮ ਕੀਤੀ ਜਾ ਸਕਦੀ ਹੈ। ਪਰ ਇਹ ਵੀ ਪ੍ਰਾਵਧਾਨ ਹੈ ਕਿ ਜੇਕਰ ਉੱਪਰਲੀ ਅਦਾਲਤ ਦੁਆਰਾ ਸਜ਼ਾ ’ਤੇ ਰੋਕ ਲਾ ਦਿੱਤੀ ਜਾਂਦੀ ਹੈ ਤਾਂ ਖਾਰਜ ਕੀਤੀ ਮੈਂਬਰੀ ਮੁੜ ਬਹਾਲ ਹੋ ਸਕਦੀ ਹੈ। ਸੋ ਕਾਂਗਰਸੀ ਆਗੂ ਰਾਹੁਲ ਗਾਂਧੀ ਲਈ ਹਾਲੇ ਸਾਰੇ ਰਾਸਤੇ ਬੰਦ ਨਹੀਂ ਹੋਏ ਹਨ। ਪਰ ਜੇਕਰ ਉੱਪਰਲੀਆਂ ਅਦਾਲਤਾਂ ਦੁਆਰਾ ਵੀ ਰਾਹੁਲ ਗਾਂਧੀ ਦੀ ਸਜ਼ਾ ਬਹਾਲ ਰੱਖੀ ਜਾਂਦੀ ਹੈ ਤਾਂ ਉਹ ਅਗਲੇ ਅੱਠ ਸਾਲ ਲਈ ਕੋਈ ਵੀ ਚੋਣ ਲੜਨ ਦੇ ਯੋਗ ਨਹੀਂ ਹੋ ਸਕਣਗੇ।ਬਹਰਹਾਲ, ਕਾਂਗਰਸ ਦੇ ਸਾਬਕਾ ਕੌਮੀ ਪ੍ਰਧਾਨ ਰਾਹੁਲ ਗਾਂਧੀ ਨੂੰ ਦਿੱਤੀ ਗਈ ਸਜ਼ਾ ਦਾ ਮਾਮਲਾ ਇਕ ਸਿਆਸੀ ਮਾਮਲਾ ਵੀ ਹੈ। ਸੋ ਇਸ ਮੁੱਦੇ ’ਤੇ ਸਿਆਸਤ ਮੱਘ ਚੁੱਕੀ ਹੈ। ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਮੇਤ ਤਮਾਮ ਆਗੂ ਰਾਹੁਲ ਗਾਂਧੀ ਨੂੰ ਛੁਟਿਆਉਣ ਲੱਗੇ ਰਹਿੰਦੇ ਹਨ ਪਰ ਸਭ ਤੋਂ ਵਧ ਵਾਰ ਵੀ ਉਸ ’ਤੇ ਹੀ ਕਰਦੇ ਹਨ ਜਿਸ ਤੋਂ ਪਤਾ ਚਲਦਾ ਹੈ ਕਿ ਇਨ੍ਹਾਂ ਲਈ ਰਾਹੁਲ ਗਾਂਧੀ ਕਿੰਨੀ ਮਹੱਤਵਤਾ ਰੱਖਦਾ ਹੈ। ਬੇਸ਼ੱਕ ਰਾਹੁਲ ਗਾਂਧੀ ਦੀ ਲੋਕ ਸਭਾ ਦੀ ਮੈਂਬਰੀ ਦੇ ਖਾਤਮੇ ਲਈ ਭਾਰਤੀ ਜਨਤਾ ਪਾਰਟੀ ਦੇ ਤਮਾਮ ਛੋਟੇ-ਵੱਡੇ ਨੇਤਾ ਕਾਨੂੰਨ ਦੀ ਦੁਹਾਈ ਦੇ ਰਹੇ ਹਨ ਪਰ ਲੋਕ ਸਮਝਦੇ ਹਨ ਕਿ ਅਜਿਹੇ ਮਾਮਲੇ ਨਿਰੇ ਕਾਨੂੰਨ ਦੇ ਮਾਮਲੇ ਹੀ ਨਹੀਂ ਹੁੰਦੇ।ਅਡਾਨੀ ਦੇ ਸ਼ੇਅਰ ਘੁਟਾਲੇ ਦੇ ਮੁੱਦੇ ’ਤੇ ਭਾਰਤੀ ਜਨਤਾ ਪਾਰਟੀ ਅਤੇ ਮੋਦੀ ਸਰਕਾਰ ਬੁਰੀ ਤਰ੍ਹਾਂ ਘਿਰੀ ਹੋਈ ਹੈ। ਇਸ ਸ਼ੇਅਰ ਘੁਟਾਲੇ, ਜਿਸ ਨੂੰ ਹਿੰਡਨਬਰਗ ਰਿਚਸਚ ਦੀ ਰਿਪੋਰਟ ਨੇ ‘‘ਕਾਰਪੋਰੇਟ ਇਤਿਹਾਸ ਦਾ ਸਭ ਤੋਂ ਵੱਡਾ ਘਪਲਾ’’ ਕਿਹਾ ਸੀ, ਦੇ ਨੰਗੇ ਹੋਣ ਬਾਅਦ ਅਡਾਨੀ ਸਮੂਹ ਦੀ ਇਕ ਸੌ ਅਰਬ ਡਾਲਰ ਤੋਂ ਵਧ ਦੀ ਸੰਪਤੀ ਖੁਰ ਚੁੱਕੀ ਹੈ, ਯਾਨੀ ਮੰਡੀ ਘੁਟਾਲਾ ਸਾਬਤ ਕਰ ਚੁੱਕੀ ਹੈ ਪਰ ਮੋਦੀ ਸਰਕਾਰ ਨੇ ਇਸ ਬਾਰੇ ਹਾਲ ਤੱਕ ਇਕ ਸ਼ਬਦ ਨਹੀਂ ਉਚਾਰਿਆ ਹੈ। ਮੋਦੀ ਸਰਕਾਰ ਨੂੰ ਇਸ ਮਾਮਲੇ ’ਤੇ ਕੁਛ ਵੀ ਔੜ ਨਹੀਂ ਰਿਹਾ।

ਇਸ ਸਮੇਂ ਭਾਰਤੀ ਜਨਤਾ ਪਾਰਟੀ ਨੇ ਅਗਲੀਆਂ ਆਮ ਚੋਣਾਂ ਦੀ ਤਿਆਰੀ ’ਚ ਵਿਰੋਧੀ ਪਾਰਟੀਆਂ ਖ਼ਿਲਾਫ਼ ਹੋਰ ਤਰ੍ਹਾਂ ਹਮਲਾਕੁਨ ਹੋਣਾ ਸੀ। ਰਾਹੁਲ ਗਾਂਧੀ ਦੀ ਮੈਂਬਰੀ ਖਤਮ ਹੋਣ ਨੂੰ ਲੋਕ ਵਿਰੋਧ ਦੀ ਆਵਾਜ਼ ਨੂੰ ਦਬਾਉਣਾ ਸਮਝ ਰਹੇ ਹਨ। ਭਾਰਤੀ ਜਨਤਾ ਪਾਰਟੀ ਇਸ ਦੀ ਪਰਵਾਹ ਨਹੀਂ ਕਰੇਗੀ ਕਿਉਂਕਿ ਇਹ ਵਿਰੋਧੀ ਪਾਰਟੀਆਂ ਦੇ ਆਗੂਆਂ ਖ਼ਿਲਾਫ਼ ਸਖ਼ਤ ਕਾਰਵਾਈਆਂ ਕਰਨ ਦੀ ਆਪਣੀ ਰਣਨੀਤੀ ਬਣਾ ਚੁੱਕੀ ਹੈ ਅਤੇ ਇਸ ਨਾਲ ਹੀ ਇਸ ਨੇ ਹਮਲਾਵਰੀ ਢੰਗ ਨਾਲ 2024 ਦੀਆਂ ਆਮ ਚੋਣਾਂ ਦੀ ਤਿਆਰੀ ਕਰਨੀ ਹੈ ਅਤੇ ਚੋਣਾਂ ਲੜਨੀਆਂ ਹਨ। ਇਸ ਲਈ ਆਉਣ ਵਾਲਾ ਸਮਾਂ ਤਿੱਖੀਆਂ ਸਿਆਸੀ ਝੜਪਾਂ ਦਾ ਸਮਾਂ ਹੋਣ ਵਾਲਾ ਹੈ।

# ਸਿਆਸਤਦਾਨ ਧਰਮ ਨੂੰ ਵਰਤਣਾ ਛੱਡ ਦੇਣ ਤਾਂ ਨਫਰਤੀ ਤਕਰੀਰਾਂ ਆਪੇ ਬੰਦ ਹੋ ਜਾਣੀਆਂ:ਸੁਪਰੀਮ ਕੋਰਟ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਕਿਹਾ ਕਿ ਜਦੋਂ ਸਿਆਸਤਦਾਨ ਧਰਮ ਨੂੰ ਵਰਤਣਾ ਛੱਡ ਦੇਣਗੇ, ਗਰਮਖਿਆਲੀ ਅਨਸਰ ਨਫਰਤੀ ਤਕਰੀਰਾਂ ਕਰਨੋਂ ਹਟ ਜਾਣਗੇ। ਨਫਰਤੀ ਤਕਰੀਰਾਂ ਕਰਨ ਵਾਲਿਆਂ ਖਿਲਾਫ ਐੱਫ ਆਈ ਆਰ ਦਰਜ ਨਾ ਕਰਨ ’ਤੇ ਵੱਖ-ਵੱਖ ਸੂਬਾਈ ਅਥਾਰਟੀਆਂ ਖਿਲਾਫ ਸ਼ਾਹੀਨ ਅਬਦੁੱਲਾ ਵੱਲੋਂ ਦਾਇਰ ਮਾਣਹਾਨੀ ਦੀ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਇਹ ਟਿੱਪਣੀ ਕੀਤੀ।ਜਸਟਿਸ ਕੇ ਐੱਮ ਜੋਸੇਫ ਤੇ ਜਸਟਿਸ ਬੀ ਵੀ ਨਾਗਰਤਨਾ ਉੱਤੇ ਅਧਾਰਤ ਬੈਂਚ ਨੇ ਕਿਹਾਜਦੋਂ ਸਿਆਸਤ ਤੇ ਧਰਮ ਵੱਖ-ਵੱਖ ਹੋ ਗਏ, ਇਹ ਖਤਮ ਹੋ ਜਾਵੇਗਾ। ਜਦੋਂ ਸਿਆਸਤਦਾਨ ਧਰਮ ਨੂੰ ਵਰਤਣਾ ਬੰਦ ਕਰ ਦੇਣਗੇ, ਇਹ ਸਭ ਆਪੇ ਬੰਦ ਹੋ ਜਾਵੇਗਾ। ਆਏ ਦਿਨ ਗਰਮਖਿਆਲ ਅਨਸਰ ਟੀ ਵੀ ਬਹਿਸਾਂ ਤੇ ਜਨਤਕ ਮੰਚਾਂ ਤੋਂ ਦੂਜਿਆਂ ਖਿਲਾਫ ਜ਼ਹਿਰ ਉਗਲ ਰਹੇ ਹਨ। ਭਾਰਤ ਦੇ ਲੋਕ ਇਹ ਪ੍ਰਣ ਕਿਉ ਨਹੀਂ ਕਰਦੇ ਕਿ ਦੂਜੇ ਨਾਗਰਿਕਾਂ ਜਾਂ ਭਾਈਚਾਰਿਆਂ ਖਿਲਾਫ ਨਫਰਤੀ ਗੱਲ ਨਹੀਂ ਕਰਨੀ।










# ਬੀ.ਸੀ. ਟਾਈਗਰ ਦਾ 21 ਵਾਂ ਸਲਾਨਾ ਇਨਡੋਰ ਟੂਰਨਾਮੈਂਟ ਸ਼ਾਨੋ ਸ਼ੌਕਤ ਨਾਲ ਸਮਾਪਤ

























ਸਰੀ:- ਕੈਨੇਡਾ ਦੀ ਸਭ ਤੋਂ ਵੱਧ ਟੀਮਾਂ ਵਾਲੀ ਬੀ.ਸੀ ਟਾਈਗਰ ਸੌਕਰ ਕਲੱਬ ਵੱਲੋਂ ਸਲਾਨਾ ਇੰਨਡੋਰ ਟੂਰਨਾਮੈਂਟ 24,25 ਅਤੇ 26 ਮਾਰਚ ਨੂੰ ਖਾਲਸਾ ਸਕੂਲ 6933-124 ਸਟਰੀਟ ਦੇ ਜਿਮ ਵਿੱਚ ਕਰਵਾਇਆ ਗਿਆ। ਇਸ ਵਿੱਚ ਲੜਕੀਆਂ ਅਤੇ ਲੜਕਿਆਂ ਦੀਆਂ ਦਰਜਨਾ ਟੀਮਾਂ ਨੇ ਭਾਗ ਲਿਆ। ਜੇਤੂ ਟੀਮਾਂ ਨੂੰ ਬਹੁਤ ਵਧੀਆ ਇਨਾਮ ਤੇ ਨਗਦ ਰਾਸ਼ੀ ਭੇਂਟ ਕੀਤੀ ਗਈ। ਟੂਰਨਾ ਮੈਂਟ ਦੇ ਅਯੋਜਿਕ ਸੇਖੋਂ ਟਰੱਕਿੰਗ ਦੇ ਮਾਲਕ ਤਰਲੋਚਨ ਸਿੰਘ ਸੇਖੋਂ ਨੇ ਦੱਸਿਆ ਕਿ ਇਸ ਟੂਰਨਾਮੈਂਟ ਦਾ ਮਕਸਦ ਮਿੱਤਰਤਾ ਅਤੇ ਭਾਈਚਾਰਾ ਸਾਂਝ ਬਣਾਉਣ ਲਈ ਖਿਡਾਰੀਆਂ ਨੂੰ ਉਤਸ਼ਾਹਿਤ ਕਰਨਾ ਹੈ। ਤਿੰਨੇ ਦਿਨ ਚਾਹ ਪਾਣੀ ਦੀ ਸੇਵਾ ਕੀਤੀ ਗਈ। ਐਤਵਾਰ 26 ਮਾਰਚ ਸ਼ਾਮ ਨੂੰ ਸਮੂੰਹ ਵਲੰਟਰੀਅਰਾਂ ਨੂੰ ਰਾਤਰੀ ਭੋਜਨ ਕਰਵਾਇਆ ਗਿਆ। ਜਿਥੇ ਇਸ ਕਲੱਬ ਨੂੰ ਹੋਰ ਉੱਚਾ ਚੁੱਕਣ ਤੇ ਕਮਿਉਨਟੀ ਦਾ ਸਹਿਯੋਗ ਲੈਣ ਲਈ ਵਿਚਾਰਾਂ ਹੋਈਆਂ। ਗਰਮੀਆਂ ਵਾਲੇ 'ਮੀਰੀ ਪੀਰੀ' ਸੌਕਰ ਟੂਰਨਾਮੈਂਟ ਨੂੰ ਹੋਰ ਵੱਡੇ ਪੱਧਰ ਕਰਵਾਉਂਣ ਅਤੇ ਦੇਸ਼ਾ ਵਿਦੇਸ਼ਾ ਤੋਂ ਚੰਗੀਆਂ ਟੀਮਾ ਲਿਆਉਂਣ ਲਈ ਵਿਚਾਰ ਵਟਾਂਦਰਾ ਹੋਇਆ।


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1350
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# DREAM BANQUET HALL

Birthday, Wedding, Reception, anniversary, Jago, Kitty Parties,
Graduation, Seminars, Fund Raising, Business Meeting, Corporate Events




Dream Catering "Your Venue, Our Food"

We provide various Menu
Options to choose

ਜਨਮਦਿਨ, ਵਿਆਹ, ਰਿਸੈਪਸ਼ਨ, ਐਨਵਰਸਰੀ, ਜਾਗੋ,
ਸੈਮੀਨਾਰ, ਫੰਡ ਰੇਜਿੰਗ, ਬਿਜਨਸ ਮੀਟਿੰਗ, ਕਾਰਪੋਰੇਟ ਈਵੈਂਟ
ਆਦਿ ਬੁੱਕ ਕਰਨ ਲਈ ਸਾਡੇ ਨਾਲ ਸੰਪਰਕ ਕਰੋ

For Bookings, Contact: **604-203-7272**

7236 -120St, Surrey, BC

Email:info@dreambanquethall.ca

# PEACE FURNITURE

For The Peace Of Your Mind



ਇਥੋਂ ਤੁਸੀਂ ਆਪਣੀ ਮਨਪਸੰਦ ਦੇ ਬੈੱਡ ਬਣਵਾ ਸਕਦੇ ਹੋ

Business Hours:
Mon-Fri: 8am to 6pm
Sat-Sun: 12 pm to 6 pm

**604-902-1415**

#A/B/C 7967-128St, Surrey, BC V3W 4E7

Email:sales@peacefurnituire.ca

Web:www.peacefurniture.ca